MORTGAGE EXPERT
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 51 SATURDAY, 24 DECEMBER, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

MERRY CHRISTMAS

# ਵਿਦੇਸ਼ੀਆਂ 'ਤੇ ਕੈਨੇਡਾ ਵਿਚ ਘਰ ਖਰੀਦਣ ਉਪਰ ਪਾਬੰਦੀ ਦਾ ਐਲਾਨ

## ਪਹਿਲੀ ਜਨਵਰੀ ਤੋਂ ਲਾਗੂ ਹੋਵੇਗਾ ਨਵਾਂ ਕਾਨੂੰਨ

ਓਟਵਾ-ਕੈਨੇਡਾ ਮੌਰਟਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਨੇ ਵਿਦੇਸ਼ੀ ਘਰ ਖਰੀਦਦਾਰਾਂ 'ਤੇ ਪਾਬੰਦੀ ਲਈ ਨਿਯਮਾਂ ਦਾ ਐਲਾਨ ਕੀਤਾ ਹੈ ਜਿਹੜੇ ਪਹਿਲੀ ਜਨਵਰੀ 2023 ਤੋਂ ਲਾਗੂ ਹੋਣਗੇ। ਨਵੇਂ ਸਾਲ ਵਿਚ ਵਿਦੇਸ਼ੀ ਵਪਾਰਕ ਅਦਾਰਿਆਂ ਤੇ ਲੋਕਾਂ 'ਤੇ ਕੈਨੇਡਾ ਵਿਚ ਦੋ ਸਾਲਾਂ ਲਈ ਰਿਹਾਇਸ਼ੀ ਜਾਇਦਾਦ ਖਰੀਦਣ ਦੀ ਮਨਾਹੀ ਹੋਵੇਗੀ। ਪਾਬੰਦੀ ਜਿਸ ਸਬੰਧੀ ਮਤਾ ਪਾਰਲੀਮੈਂਟ ਨੇ 23 ਜੂਨ ਨੂੰ ਪਾਸ ਕੀਤਾ ਸੀ ਦਾ ਉਦੇਸ਼ ਘਰਾਂ ਤੱਕ ਪਹੁੰਚ ਦੀ ਸਮਰੱਥਾ ਨੂੰ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨਾ ਹੈ। ਇਸ ਵਿਚ ਆਰਜੀ ਵਰਕ ਪਰਮਿਟ ਵਾਲੇ, ਸ਼ਰਨਾਰਥੀ ਦਾਅਵੇਦਾਰ ਅਤੇ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਮਿਲ ਨਹੀਂ ਹਨ ਜਿਹੜੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਪਾਬੰਦੀ ਦੀ ਉਲੰਘਣਾ ਕਰਦੇ ਫੜੇ ਗਏ ਗੈਰ ਕੈਨੇਡੀਅਨ ਨੂੰ 10,000 ਡਾਲਰ ਜ਼ੁਰਮਾਨਾ ਕੀਤਾ ਜਾਵੇਗਾ ਅਤੇ ਉਸ ਨੂੰ ਜਾਇਦਾਦ ਵੇਚਣ ਦਾ ਹੁਕਮ ਦਿੱਤਾ ਜਾ ਸਕਦਾ ਹੈ। ਇਕ ਨਿਊਜ਼ ਰਿਲੀਜ਼ ਵਿਚ ਹਾਊਸਿੰਗ ਮੰਤਰੀ ਅਹਿਮਦ ਹੁਸੈਨ ਨੇ ਕਿਹਾ ਕਿ ਇਹ ਪਾਬੰਦੀ ਇਹ ਗੱਲ ਯਕੀਨੀ ਬਣਾਵੇਗੀ ਕਿ ਘਰ ਕੈਨੇਡੀਅਨਾਂ ਦੀ ਮਲਕੀਅਤ ਹੋਣ।



# 2026 ਵਿਚ ਕੈਨੇਡਾ ਇਲੈਕਟ੍ਰਿਕ ਮੋਟਰ ਗੱਡੀਆਂ ਦੀ ਵਿਕਰੀ ਨੂੰ ਲਾਜ਼ਮੀ ਕਰੇਗਾ

## 2035 ਤੱਕ ਕੈਨੇਡਾ ਵਿਚ ਸਿਰਫ ਇਲੈਕਟ੍ਰਿਕ ਯਾਤਰੀ ਮੋਟਰ ਗੱਡੀ ਹੀ ਵਿਕੇਗੀ

ਓਟਵਾ-ਵਾਤਾਵਰਣ ਮੰਤਰੀ ਸਟੀਵਨ ਗਿਲਬੌਲਟ ਦੇ ਪ੍ਰਸਤਾਵਤ ਨਵੇਂ ਨਿਯਮਾਂ ਤਹਿਤ 2026 ਵਿਚ ਕੈਨੇਡਾ ਵਿਚ ਵਿਕਣ ਵਾਲੀਆਂ ਸਾਰੀਆਂ ਕਾਰਾਂ, ਐਸ ਯੂ ਵੀਜ਼ ਅਤੇ ਟਰੱਕਾਂ ਵਿਚੋਂ ਪੰਜਵਾਂ ਹਿੱਸਾ ਮੋਟਰ ਗੱਡੀਆਂ ਬਿਜਲੀ ਨਾਲ ਚੱਲਣ ਵਾਲੀਆਂ ਹੋਣਗੀਆਂ। 2030 ਤੱਕ ਸਾਰੀਆਂ ਵਿਕੀਆਂ ਮੋਟਰ ਗੱਡੀਆਂ ਵਿਚੋਂ 60 ਫ਼ੀਸਦੀ ਇਲੈਕਟ੍ਰਿਕ ਮੋਟਰ ਗੱਡੀਆਂ ਅਤੇ 2035 ਤੱਕ ਕੈਨੇਡਾ ਵਿਚ ਵਿਕਣ ਵਾਲੀ ਹਰੇਕ ਯਾਤਰੀ ਗੱਡੀ ਇਲੈਕਟ੍ਰਿਕ ਹੋਵੇਗੀ। ਸੰਸਦੀ ਸਕੱਤਰ ਜੂਲੀ ਡਬਰੂਸਿਨ ਨੇ ਕਿਹਾ ਕਿ ਨਵੇਂ ਟੀਚੇ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੈਨੇਡੀਅਨਾਂ ਦੀ ਉਨ੍ਹਾਂ ਮੋਟਰ ਗੱਡੀਆਂ ਤੱਕ ਪਹੁੰਚ ਹੋਵੇ ਜਿਹੜੀਆਂ ਉਹ ਚਾਹੁੰਦੇ ਹਨ। ਨਿਰਮਾਤਾ ਜਾਂ ਦਰਾਮਦਕਾਰ ਜਿਹੜੇ ਵਿਕਰੀ ਟੀਚਿਆਂ ਨੂੰ ਪੂਰਾ ਨਹੀਂ ਕਰਨਗੇ ਨੂੰ ਕੈਨੇਡੀਅਨ ਵਾਤਾਵਰਣ ਸੁਰੱਖਿਆ ਕਾਨੂੰਨ ਤਹਿਤ ਜ਼ੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। 2026 ਵਿਚ ਪਹਿਲੇ ਨਿਸ਼ਾਨੇ 'ਤੇ ਪਹੁੰਚਣ ਤੋਂ ਪਹਿਲਾਂ ਕੈਨੇਡਾ ਨੇ ਅਜੇ *(ਬਾਕੀ ਸ.ਫਾ 8 'ਤੇ)*



For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats From Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇਟਮੈਂਟ
ARVINDER S- KALSEY AVINEET S- KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave. Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002



S T & A Simpson, Thomas & Associates
TRIAL LAWYERS

“Simpson, Thomas & Associates are a legal dream team. No other law firm could have fought this claim as it takes a lot of resources to fight a case of this nature.”

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

“Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved.”

– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

“We have offices in Vancouver and Surrey/Delta.”

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXIO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 10 ISSUE : 51 SATURDAY, 24 DECEMBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਪ੍ਰਧਾਨ ਮੰਤਰੀ ਮੋਦੀ ਵੱਲੋਂ ਭਾਰਤੀਆਂ ਨੂੰ ਕੋਵਿਡ ਪ੍ਰਤੀ ਲਾਪ੍ਰਵਾਹੀ ਤੋਂ ਚੌਕਸ ਕੀਤਾ

## ਭੀੜ ਵਾਲੀਆਂ ਥਾਵਾਂ ਉਪਰ ਮਾਸਕ ਪਹਿਨਣ ਦੀ ਅਪੀਲ



ਨਵੀਂ ਦਿੱਲੀ (ਦਿਓਲ)-ਦੁਨੀਆ ਦੇ ਕੁਝ ਹਿੱਸਿਆਂ 'ਚ ਕੋਵਿਡ ਕੇਸ ਤੇਜ਼ੀ ਨਾਲ ਫੈਲਣ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਵਿਡ ਲਾਪ੍ਰਵਾਹੀ ਪ੍ਰਤੀ ਚੌਕਸ ਕਰਦਿਆਂ ਕਿਹਾ ਕਿ ਕਰੋਨਾ ਮਹਾਮਾਰੀ ਅਜੇ ਖ਼ਤਮ ਨਹੀਂ ਹੋਈ ਹੈ। ਉਨ੍ਹਾਂ ਆਉਂਦੇ ਤਿਉਹਾਰਾਂ ਦੌਰਾਨ ਭੀੜ-ਭਾੜ ਵਾਲੀਆਂ ਥਾਵਾਂ 'ਤੇ ਲੋਕਾਂ ਨੂੰ ਮਾਸਕ ਪਹਿਨਣ ਦੀ ਵੀ ਅਪੀਲ ਕੀਤੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕੌਮਾਂਤਰੀ ਹਵਾਈ ਅੱਡਿਆਂ ਸਮੇਤ ਹੋਰ ਥਾਵਾਂ 'ਤੇ ਨਿਗਰਾਨੀ ਦੇ ਕਦਮ ਮਜ਼ਬੂਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਥੇ ਉੱਚ ਪੱਧਰੀ ਮੀਟਿੰਗ ਦੌਰਾਨ ਮੋਦੀ ਨੇ ਸੂਬਿਆਂ ਨੂੰ ਸਲਾਹ ਦਿੱਤੀ ਕਿ ਉਹ ਆਕਸੀਜਨ ਸਿਲੰਡਰਾਂ, ਪੀਐੱਸਏ ਪਲਾਂਟਾਂ, ਵੈਂਟੀਲੇਟਰਾਂ ਅਤੇ ਮਨੁੱਖੀ ਸਰੋਤਾਂ ਸਮੇਤ ਹਸਪਤਾਲਾਂ ਦੇ ਬੁਨਿਆਦੀ ਢਾਂਚੇ ਨਾਲ ਸਬੰਧਤ ਕੋਵਿਡ ਵਿਸ਼ੇਸ਼ ਸਹੂਲਤਾਂ ਦਾ ਲੇਖਾ-ਜੋਖਾ ਕਰਨ। ਪ੍ਰਧਾਨ ਮੰਤਰੀ ਨੇ ਬੂਸਟਰ ਡੋਜ਼ ਲਗਵਾਉਣ ਪ੍ਰਤੀ ਲੋਕਾਂ ਨੂੰ ਪ੍ਰੇਰਣ ਲਈ ਆਖਦਿਆਂ ਕਿਹਾ ਕਿ ਬਿਮਾਰ ਅਤੇ ਬਜ਼ੁਰਗਾਂ ਨੂੰ ਖਾਸ ਤੌਰ 'ਤੇ ਇਹਤਿਆਤੀ ਖੁਰਾਕ ਜ਼ਰੂਰ ਲਗਵਾਈ ਜਾਵੇ। ਦੇਸ਼ 'ਚ ਕੋਵਿਡ-19 ਦੇ ਹਾਲਾਤ ਅਤੇ ਤਿਆਰੀਆਂ ਸਬੰਧੀ ਜਾਇਜ਼ਾ ਲੈਣ ਲਈ ਸੱਦੀ ਗਈ ਮੀਟਿੰਗ ਦੌਰਾਨ ਮੋਦੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਟੈਸਟਾਂ ਅਤੇ ਜੀਨੋਮ ਸੀਕੁਐਂਸਿੰਗ 'ਚ ਤੇਜ਼ੀ ਲਿਆਉਣ।

# ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਪੁਲਿਸ ਵਲੋਂ ਗੈਂਗਸਟਰ ਮੁੰਡੀ ਸਮੇਤ 7 ਹੋਰਾਂ ਖ਼ਿਲਾਫ਼ ਦੂਸਰੀ ਚਾਰਜਸ਼ੀਟ ਦਾਇਰ



ਚੰਡੀਗੜ-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਗੈਂਗਸਟਰ ਦੀਪਕ ਮੁੰਡੀ ਸਮੇਤ ਸੱਤ ਹੋਰ ਮੁਲਜ਼ਮਾਂ ਖ਼ਿਲਾਫ਼ ਦੂਜੀ ਚਾਰਜਸ਼ੀਟ ਦਾਇਰ ਕੀਤੀ ਹੈ। ਇਹ ਗੈਂਗਸਟਰ ਹਰਿਆਣਾ ਨਾਲ ਜੁੜੇ ਹੋਏ ਹਨ। ਪੰਜਾਬ ਪੁਲੀਸ ਨੇ ਸ਼ੂਟਰ ਦੀਪਕ ਉਰਫ਼ ਮੁੰਡੀ, ਕਪਿਲ ਪੰਡਿਤ, ਰਾਜਿੰਦਰ ਜੋਕਰ, ਮਨਪ੍ਰੀਤ ਸਿੰਘ ਉਰਫ਼ ਮਨੀ ਰਈਆ, ਮਨਦੀਪ ਸਿੰਘ ਉਰਫ਼ ਤੂਫਾਨ, ਬਿੱਟੂ ਸਿੰਘ ਅਤੇ ਜਗਤਾਰ ਸਿੰਘ ਖ਼ਿਲਾਫ਼ ਪੂਰਕ ਚਾਰਜਸ਼ੀਟ ਦਾਇਰ ਕੀਤੀ ਹੈ। ਪੁਲੀਸ ਨੇ ਚਾਰਜਸ਼ੀਟ ਦੇ ਨਾਲ ਮੁਲਜ਼ਮਾਂ ਵਿਰੁੱਧ ਵਾਧੂ ਸਬੂਤ, ਹੋਰ ਜਾਂਚ ਰਿਪੋਰਟਾਂ ਅਤੇ ਫੋਰੈਂਸਿਕ ਲੈਬਾਰਟਰੀ ਰਿਪੋਰਟਾਂ ਸਮੇਤ ਹਥਿਆਰਾਂ ਅਤੇ ਰਸਾਇਣਕ ਰਿਪੋਰਟਾਂ ਵੀ ਪੇਸ਼ ਕੀਤੀਆਂ ਹਨ। ਧਾਰਾਵਾਂ 302, 307, 341, 326, 148, 149, 427, 120-2, 109, 473, 212, 201 ਤਹਿਤ 5 ਦਸੰਬਰ ਨੂੰ ਪੂਰਕ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸਿਟ ਨੇ 26 ਅਗਸਤ ਨੂੰ ਮਾਨਸਾ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 24 ਮੁਲਜ਼ਮਾਂ ਖ਼ਿਲਾਫ਼ 1850 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ। ਜ਼ਿਕਰਯੋਗ ਹੈ ਕਿ 29 ਮਈ ਨੂੰ ਛੇ ਸ਼ੂਟਰਾਂ ਨੇ ਮੂਸੇਵਾਲਾ ਦੀ ਉਸ ਸਮੇਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਜਦੋਂ ਉਹ ਆਪਣੇ ਚਚੇਰੇ ਭਰਾ ਅਤੇ ਦੋਸਤ ਨਾਲ ਪਿੰਡ ਮੂਸਾ ਤੋਂ 10 ਕਿਲੋਮੀਟਰ ਦੂਰ ਮਾਨਸਾ ਦੇ ਪਿੰਡ ਜਵਾਹਰਕੇ ਲਈ ਜੀਪ ਵਿੱਚ ਜਾ ਰਿਹਾ ਸੀ। ਹੁਣ ਸਿਟ ਨੇ ਥਾਣਾ ਸਿਟੀ-1 ਮਾਨਸਾ ਵਿੱਚ ਦਰਜ ਐੱਫਆਈਆਰ ਵਿੱਚ 31 ਵਿਅਕਤੀਆਂ ਨੂੰ ਚਾਰਜਸ਼ੀਟ ਕੀਤਾ ਹੈ। ਇਨ੍ਹਾਂ ਵਿਚੋਂ 27 ਪੁਲੀਸ ਹਿਰਾਸਤ ਜਾਂ ਨਿਆਂਇਕ ਹਿਰਾਸਤ ਵਿਚ ਹਨ, ਜਦੋਂ ਕਿ 4 ਜਣੇ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ, ਸਚਿਨ ਥਾਪਨ, ਅਨਮੋਲ ਬਿਸ਼ਨੋਈ ਅਤੇ ਲਿਪਿਨ ਨਹਿਰਾ ਵਿਦੇਸ਼ਾਂ ਵਿੱਚ ਹਨ। ਸਚਿਨ ਅਤੇ ਅਨਮੋਲ ਨੂੰ ਕ੍ਰਮਵਾਰ ਅਜ਼ਰਬਾਇਜਾਨ ਅਤੇ ਕੀਨੀਆ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੈ। ਪੰਜਾਬ ਪੁਲੀਸ ਉਨ੍ਹਾਂ ਦੀ ਹਵਾਲਗੀ ਲਈ ਕਾਰਵਾਈ ਕਰ ਰਹੀ ਹੈ। ਅੰਮ੍ਰਿਤਸਰ ਵਿੱਚ ਪੁਲੀਸ ਮੁਕਾਬਲੇ ਵਿੱਚ ਦੋ ਸ਼ੂਟਰ ਮਨਪ੍ਰੀਤ ਸਿੰਘ ਮੰਨੂ ਅਤੇ ਜਗਰੂਪ ਸਿੰਘ ਰੂਪਾ ਮਾਰੇ ਗਏ ਸਨ। ਮਾਨਸਾ ਦੇ ਐੱਸਐੱਸਪੀ ਡਾ. ਨਾਨਕ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਮੂਸੇਵਾਲਾ ਕਤਲ ਕੇਸ ਵਿੱਚ ਅਦਾਲਤ ਵਿੱਚ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। 'ਕੁਝ ਮੁਲਜ਼ਮਾਂ ਵਿਰੁੱਧ ਜਾਂਚ ਪੂਰੀ ਕਰਨ ਤੋਂ ਬਾਅਦ ਅਦਾਲਤ ਵਿੱਚ ਹੋਰ ਦਸਤਾਵੇਜ਼ਾਂ ਅਤੇ ਰਿਪੋਰਟਾਂ ਦੇ ਨਾਲ ਚਾਰਜਸ਼ੀਟ ਦਾਇਰ ਕੀਤੀ ਗਈ।' ਉਨ੍ਹਾਂ ਕਿਹਾ ਕਿ ਫਰਾਰ ਵਿਅਕਤੀਆਂ ਖ਼ਿਲਾਫ਼ ਮੁਕੱਦਮੇ ਦੀ ਕਾਰਵਾਈ ਕਰ ਰਹੇ ਹਾਂ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਉੱਤਰੀ ਡੈਲਟਾ ਵਿਚ ਗੁਰੂ ਨਾਨਕ ਫੂਡ ਬੈਂਕ ਦੀ ਤੀਜੀ ਅਤੇ ਵੱਡੀ ਬਰਾਂਚ ਦਾ ਉਦਘਾਟਨ

## ਸਰੀ ਅਤੇ ਡੈਲਟਾ ਦੇ ਕਈ ਉੱਘੀਆਂ ਸ਼ਖ਼ਸ਼ੀਅਤਾਂ ਉਦਘਾਟਨੀ ਸਮਾਰੋਹ 'ਚ ਹੋਈਆਂ ਸ਼ਾਮਿਲ








ਸਰੀ (ਹਰਦਮ ਮਾਨ)-ਗੁਰੂ ਨਾਨਕ ਫੂਡ ਬੈਂਕ ਸਰੀ ਵੱਲੋਂ ਉੱਤਰੀ ਡੈਲਟਾ ਵਿਖੇ 11188 ਸਟਰੀਟ 84 ਐਵੀਨਿਊ ਉੱਪਰ ਅੱਜ ਦੁਪਹਿਰ 1 ਵਜੇ ਆਪਣੀ ਤੀਜੀ ਅਤੇ ਵੱਡੀ ਬਰਾਂਚ ਦਾ ਉਦਘਾਟਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸਰੀ ਵਿਖੇ 101 - 15299 ਸਟਰੀਟ 68 ਐਵੀਨਿਊ ਉੱਪਰ 1 ਜੁਲਾਈ, 2020 ਨੂੰ ਗੁਰੂ ਨਾਨਕ ਫੂਡ ਬੈਂਕ ਦੀ ਸ਼ੁਰੂਆਤ ਹੋਈ ਸੀ ਅਤੇ 6 ਫਰਵਰੀ, 2022 ਨੂੰ ਐਬਸਫੋਰਡ ਵਿਖੇ ਇਸ ਦੀ ਬਰਾਂਚ ਖੋਲ੍ਹੀ ਗਈ ਸੀ ਅਤੇ ਹੁਣ ਉੱਤਰੀ ਡੈਲਟਾ ਵਿਚ 6,500 ਵਰਗ ਫੁੱਟ ਵਿਚ ਗੁਰੂ ਨਾਨਕ ਫੂਡ ਬੈਂਕ ਦਾ ਇਹ ਤੀਜਾ ਸਟੋਰ ਖੋਲ੍ਹਿਆ ਗਿਆ ਜੋ ਪਹਿਲੇ ਦੋਹਾਂ ਸਟੋਰਾਂ ਤੋਂ ਕਾਫੀ ਵੱਡਾ ਹੈ। ਗੁਰੂ ਨਾਨਕ ਫੂਡ ਬੈਂਕ ਦੇ ਪ੍ਰਧਾਨ ਗਿਆਨੀ ਨਰਿੰਦਰ ਸਿੰਘ ਵਾਲੀਆ ਨੇ ਫੂਡ ਬੈਂਕ ਲਈ ਇਹ ਸਥਾਨ ਮੁਹੱਈਆ ਕਰਵਾਉਣ ਲਈ ਖਾਸ ਤੌਰ 'ਤੇ ਡੈਲਟਾ ਸਿਟੀ ਦੇ ਮੇਅਰ ਜੌਰਜ ਹਾਰਵੀ ਅਤੇ ਕੌਂਸਲਰਾਂ ਵੱਲੋਂ ਮਿਲੇ ਸਮੱਰਥਨ ਅਤੇ 10,000 ਡਾਲਰ ਦਾ ਯੋਗਦਾਨ ਪਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸ. ਵਾਲੀਆ ਨੇ ਦੱਸਿਆ ਕਿ ਗੁਰੂ ਨਾਨਕ ਫੂਡ ਬੈਂਕ ਤੋਂ ਹੁਣ ਲਗਭਗ 5,500 ਲੋੜਵੰਦ ਸਹਾਇਤਾ ਹਾਸਲ ਕਰ ਰਹੇ ਹਨ ਅਤੇ ਗੁਰੂ ਨਾਨਕ ਫੂਡ ਬੈਂਕ ਵੱਲੋਂ 10 ਮਿਲੀਅਨ ਦੀਆਂ ਡਾਲਰ ਦੀਆਂ ਵਸਤੂਆਂ ਵੰਡੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇੱਕ ਨਵਾਂ ਗੱਦਾ, ਕੰਬਲ, ਸਿਰਹਾਣਾ, ਬਿਸਤਰੇ ਦੀਆਂ ਚਾਦਰਾਂ, ਕਵਰ, ਕਰਿਆਨੇ ਦਾ ਸਾਮਾਨ ਵੀ ਸ਼ਾਮਲ ਹੈ। 2017 ਤੋਂ ਅੰਤਰ-ਰਾਸ਼ਟਰੀ ਵਿਦਿਲਾਰਥੀਆਂ ਨਹੀ ਸ਼ੁਰੂ ਕੀਤੇ ਗਏ ਪ੍ਰੋਗਰਾਮ ਤਹਿਤ ਲਗਭਗ 17,000 ਵਿਦਿਆਰਥੀਆਂ ਦੀ ਮਦਦ ਕੀਤੀ ਜਾ ਚੁੱਕੀ ਹੈ। ਉੱਤਰੀ ਡੈਲਟਾ ਵਿਖੇ ਨਵੀਂ ਬਰਾਂਚ ਦੇ ਉਦਘਾਟਨ ਸਮੇਂ ਹੋਰਨਾਂ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ, ਬੀਸੀ ਦੇ ਕਿਰਤ ਮੰਤਰੀ ਹੈਰੀ ਬੈਂਸ, ਡੈਲਟਾ ਦੇ ਮੇਅਰ ਜੌਰਜ ਹਾਰਵੀ ਅਤੇ ਉਨ੍ਹਾਂ ਦੇ ਸਾਰੇ ਕੌਂਸਲਰ, ਗੁਰੂ ਨਾਨਕ ਫੂਡ ਬੈਂਕ ਦੇ ਮੀਤ ਪ੍ਰਧਾਨ ਸਿੰਦਰ ਮੰਝ, ਖਜ਼ਾਨਚੀ ਇੰਦਰਜੀਤ ਢਿੱਲੋਂ, ਸਕੱਤਰ ਨੀਰਜ ਵਾਲੀਆ, ਡਾਇਰੈਕਟਰ ਜਤਿੰਦਰ ਜੇ ਮਿਨਹਾਸ ਅਤੇ ਬਿੱਲਾ ਸੰਧੂ ਮੌਜੂਦ ਸਨ।





EVERSHINE FAMILY DENTISTRY

"Healthy beautiful Smiles"

Fillings, Extractions, Deep Cleaning, Crown and Bridge, Root Canals, Digital X-Rays

Practising for more than 11 years

111 - 7130 120 Street Surrey, BC V3W 3M8

(Near Guru Nanak Sikh Gurdwara) Located Ground Floor of Satnam Plaza

www.evershinedental.ca

604-593-6515



Dr. Anjanpal Kaur Bhalla

JJB INSURANCE

Sarban Singh Sidhu

604-507-6866 #1, 13791, 72 AVE, SURREY (NEAR FRUITICANA)

BBB ACCREDITED BUSINESS

An Independent Insurance Broker

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
| --- | --- | --- | --- |
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE UP TO 65% DISCOUNT AVAILABLE

*RATES SUBJECT TO CHANGE WITHOUT ANY NOTICE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance

Money Back upon Visa Declined

- ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available

MORTGAGE

| 5 YRS. VARIABLE – 25 YRS. INSURED | 5 YRS. VARIABLE – 25 YRS. INSURABLE | 5 YRS. VARIABLE – 30 YRS. PURCHASE |
| --- | --- | --- |
| 5.05%* | 5.45%* | 5.50%* |
| (Prime –.90%) | (Prime –.50%) | (Prime –.45%) |

*Conditions Apply. Rates subject to change without notice.

Interest Rates are Rising!

TO LOCK OR NOT TO LOCK

ask for our expert guidance?

GET CASH BACK UP TO $1,000*



RAJ GILL, AMP

604 564 1000

VANCOUVER

Unit 200-6330 Fraser St @47 Ave & Fraser St

Our Symbol of Care & Service

Superior Mortgage

The Banking Alternative

*Some conditions apply.



SHARNJIT GILL, AMP

604 507 1000

SURREY

Unit 244 8138 128 St

www.quickapproval.ca







# ਸਾਹੀਵਾਲ (ਪਾਕਿਸਤਾਨ) ਵਿਚ 24, 25, 26 ਦਸੰਬਰ ਨੂੰ ਹੋਵੇਗਾ ਬਾਬਾ ਫਰੀਦ ਕਬੱਡੀ ਗੋਲਡ ਕੱਪ

ਸਰੀ, 21 ਦਸੰਬਰ (ਹਰਦਮ ਮਾਨ)-ਪਾਕਿਸਤਾਨ ਕਬੱਡੀ ਫੈਡਰੇਸ਼ਨ ਅਤੇ ਪੰਜਾਬ ਕਬੱਡੀ ਐਸੋਸੀਏਸ਼ਨ ਵੱਲੋਂ ਬਾਬਾ ਫਰੀਦ ਦੀ ਯਾਦ ਵਿਚ ਸਾਹੀਵਾਲ (ਮਿੰਟਗੁਮਰੀ) ਵਿਖੇ 24,25,26 ਦਸੰਬਰ 2022 ਨੂੰ ਬਾਬਾ ਫਰੀਦ ਕਬੱਡੀ ਗੋਲਡ ਕੱਪ ਖੇਡ ਮੇਲਾ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਕੈਨੇਡੀਅਨ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਸੰਤੋਖ ਸਿੰਘ ਮੰਡੇਰ ਨੇ ਦੱਸਿਆ ਹੈ ਕਿ ਸਾਹੀਵਾਲ ਦੇ ਹਾਕੀ ਗਰਾਊਂਡ ਵਿਖੇ ਪਹਿਲੀ ਵਾਰ ਹੋ ਰਹੇ ਇਸ ਕਬੱਡੀ ਗੋਲਡ ਕੱਪ ਟੂਰਨਾਮੈਂਟ ਵਿਚ ਪਾਕਿਸਤਾਨ ਭਰ ਦੇ ਸਾਰੇ ਨਾਮੀ ਖਿਡਾਰੀ ਭਾਗ ਲੈਣਗੇ। ਇਸ ਗੋਲਡ ਕੱਪ ਦੀ ਜੇਤੂ ਟੀਮ ਨੂੰ ਤਿੰਨ ਲੱਖ ਰੁਪਏ ਦਾ ਪਹਿਲਾ ਇਨਾਮ ਦਿੱਤਾ ਜਾਵੇਗਾ। ਇਸ ਇਨਾਮ ਰਾਸ਼ੀ ਲਈ ਕੈਨੇਡਾ ਅਮਰੀਕਾ ਦੇ ਪ੍ਰਵਾਸੀ ਪੰਜਾਬੀਆਂ ਦੀ ਸੰਸਥਾ ਬਾਬਾ ਗੁਰੂ ਨਾਨਕ ਦੇਵ ਜੀ ਸਪੋਰਟਸ ਤੇ ਐਜੂਕੇਸ਼ਨ ਸੁਸਾਇਟੀ-ਨਨਕਾਣਾ ਸਾਹਿਬ (ਉਤਰੀ ਅਮਰੀਕਾ) ਦੇ ਮੈਂਬਰਾਂ ਤੇ ਪਰਿਵਾਰਾਂ ਵੱਲੋਂ ਯੋਗਦਾਨ ਪਾਇਆ ਗਿਆ ਹੈ ਜਿਨ੍ਹਾਂ ਵਿਚ ਬੇਕਰਸਫੀਲਡ-ਕੈਲੇਫੋਰਨੀਆ (ਅਮਰੀਕਾ) ਦੇ ਸੁਖਵਿੰਦਰ ਸਿੰਘ-ਸੁੱਖੀ ਘੁੰਮਣ, ਸੈਨਹੋਜੇ-ਸਨਫਰਾਂਸਿਸਕੋ ਦੇ ਹਰਦੁਮਣ ਸਿੰਘ-ਬਿਲਾ ਸੰਘੇੜਾ, ਸਿਆਟਲ-ਅਮਰੀਕਾ ਦੇ ਗੁਰਮੀਤ ਸਿੰਘ ਨਿੱਝਰ, ਫਰਿਜ਼ਨੋ-ਕੈਲੇਫੋਰਨੀਆ ਦੇ ਕਿਰਪਾਲ ਸਿੰਘ-ਪਾਲ ਸਹੋਤਾ, ਪਿਟ ਮਿਡੋਜ਼ (ਵੈਨਕੂਵਰ) ਦੇ ਗੁਰਜੀਤ ਸਿੰਘ ਪੁਰੇਵਾਲ, ਮੈਲਬੋਰਨ (ਆਸਟਰੇਲੀਆ) ਦੇ ਕੁਲਦੀਪ ਸਿੰਘ ਬਾਸੀ, ਸਰੀ (ਕੈਨੇਡਾ) ਦੇ ਸੰਤੋਖ ਸਿੰਘ ਮੰਡੇਰ, ਬੇਕਰਸਫੀਲਡ-ਕੈਲੇਫੋਰਨੀਆ ਦੇ ਨਾਜਰ ਸਿੰਘ ਕੂਨਰ ਸ਼ਾਮਿਲ ਹਨ। ਪਾਕਿਸਤਾਨ ਕਬੱਡੀ ਫੈਡਰੇਸਨ ਦੇ ਸਕੱਤਰ ਜਨਰਲ ਜਨਾਬ ਸਰਵਰ ਰਾਣਾ ਅਤੇ ਪ੍ਰਧਾਨ ਚੌਧਰੀ ਸ਼ਾਫੈ ਹੁਸੈਨ ਨੇ ਇਸ ਯੋਗਦਾਨ ਲਈ ਸਾਰੇ ਸਿੱਖ ਪਰਿਵਾਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਪਾਕਿਸਤਾਨ ਆਉਣ ਦਾ ਖੁੱਲ੍ਹਾ ਸੱਦਾ ਵੀ ਦਿੱਤਾ ਹੈ। ਪੱਛਮੀ ਪੰਜਾਬ ਦੇ ਇਤਿਹਾਸਕ ਸ਼ਹਿਰ ਸਾਹੀਵਾਲ ਤੋਂ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਜਨਾਬ ਤਾਹਿਰ ਵਹੀਦ ਜੱਟ (ਡੀ ਐਸ ਪੀ-ਪੰਜਾਬ ਪੁਲੀਸ) ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿਚ ਇਸ ਕਬੱਡੀ ਗੋਲਡ ਕੱਪ ਨੂੰ ਅੰਤਰ ਰਾਸ਼ਟਰੀ ਪੱਧਰ ਦਾ ਨਾਮੀ ਕਬੱਡੀ ਮੇਲਾ ਬਣਾ ਦਿੱਤਾ ਜਾਵੇਗਾ ਜਿਸ ਵਿਚ ਸੰਸਾਰ ਭਰ ਦੇ ਕਬੱਡੀ ਖਿਡਾਰੀ ਆਪਣੇ ਜੌਹਰ ਦਿਖਾਉਣ ਲਈ ਉਚੇਚਾ ਆਇਆ ਕਰਨਗੇ।

# ਵੈਨਕੂਵਰ ਆਈਲੈਂਡ ਵਿਚ ਬੀਤੀ ਰਾਤ ਹੋਈ ਬਰਫਬਾਰੀ ਕਾਰਨ ਸਮੁੱਚਾ ਜਨਜੀਵਨ ਪ੍ਰਭਾਵਿਤ





ਸਰੀ (ਹਰਦਮ ਮਾਨ)-ਵੈਨਕੂਵਰ ਆਈਲੈਂਡ ਦੇ ਜ਼ਿਆਦਾਤਰ ਹਿੱਸੇ ਬੀਤੀ ਰਾਤ ਹੋਈ ਬਰਫਬਾਰੀ ਕਾਰਨ ਸਮੁੱਚਾ ਜਨਜੀਵਨ ਬੇਹੱਦ ਪ੍ਰਭਾਵਿਤ ਹੋ ਰਿਹਾ ਹੈ। ਚਾਰੇ ਪਾਸੇ ਲੱਗਭੱਗ ਇਕ ਫੁੱਟ ਬਰਫ ਦੀ ਤਹਿ ਨਾਲ ਧਰਤੀ ਢਕੀ ਹੋਈ ਹੈ। ਰਾਤ ਭਰ ਹੋਈ ਭਾਰੀ ਬਰਫਬਾਰੀ ਕਾਰਨ ਕਈ ਆਵਾਜਾਈ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਹੈ, ਸਕੂਲ ਬੰਦ ਕਰ ਦਿੱਤੇ ਹਨ ਅਤੇ ਹਜ਼ਾਰਾਂ ਲੋਕਾਂ ਦੀ ਬਿਜਲੀ ਕੱਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੱਖਣੀ ਵੈਨਕੂਵਰ ਆਈਲੈਂਡ ਦੇ ਕੁਝ ਹਿੱਸਿਆਂ ਵਿੱਚ ਰਾਤੋ ਰਾਤ 30 ਸੈਂਟੀਮੀਟਰ ਤੋਂ ਵੱਧ ਬਰਫ ਪੈਣ ਦੀ ਖਬਰ ਹੈ। ਐਨਵਾਇਰਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਵਿਕਟੋਰੀਆ ਅਤੇ ਕੁਆਲਿਕਮ ਬੀਚ ਦੇ ਵਿਚਕਾਰਲੇ ਖੇਤਰਾਂ ਲਈ ਬੁੱਧਵਾਰ ਨੂੰ ਸਵੇਰ ਤੋਂ ਪਹਿਲਾਂ ਪੰਜ ਤੋਂ 10ਸੈਂਟੀਮੀਟਰ ਤੱਕ ਹੋਰ ਬਰਫ ਪੈ ਸਕਦੀ ਹੈ। ਸਰੀ ਵਿਚ ਵੀ ਭਾਰੀ ਬਰਫ ਚਾਰੇ ਪਾਸੇ ਦੇਖੀ ਗਈ ਹੈ। ਸੜਕਾਂ ਦਾ ਬੁਰਾ ਹਾਲ ਹੈ ਅਤੇ ਕਾਰ ਚਾਲਕਾਂ ਨੂੰ ਭਾਰੀ ਪ੍ਰੇਸ਼ਾਨੀ ਦਰਪੇਸ਼ ਆ ਰਹੀ ਹੈ। ਏਨੀ ਭਾਰੀ ਬਰਫਬਾਰੀ ਕਈ ਵਰ੍ਹਿਆਂ ਬਾਦ ਦੇਖਣ ਨੂੰ ਮਿਲੀ ਹੈ। ਵੈਨਕੂਵਰ ਆਈਲੈਂਡ ਯੂਨੀਵਰਸਿਟੀ, ਕੈਮੋਸੁਨ ਕਾਲਜ ਅਤੇ ਰਾਇਲ ਰੋਡਜ਼ ਯੂਨੀਵਰਸਿਟੀ ਵੀ ਬੰਦ ਹਨ। ਵਿਕਟੋਰੀਆ ਇੰਟਰਨੈਸ਼ਨਲ ਏਅਰਪੋਰਟ ਨੇ ਹੈਲੀਜੇਟ ਇੰਟਰਨੈਸ਼ਨਲ ਅਤੇ ਹਾਰਬਰ ਏਅਰ ਦੀਆਂ ਕਈ ਇਨਬਾਊਂਡ ਅਤੇ ਆਊਟਬਾਊਂਡ ਉਡਾਣਾਂ ਨੂੰ ਰੱਦ ਕਰ ਦਿੱਤਾ ਹੈ। ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਨੂੰ ਆਉਣ ਵਾਲੀਆਂ ਉਡਾਣਾਂ ਨੂੰ ਵੀ ਅਸਥਾਈ ਤੌਰ 'ਤੇ ਮੁਅੱਤਲ ਕਰਨਾ ਪਿਆ ਹੈ ਅਤੇ ਬਹੁਤ ਸਾਰੇ ਰਵਾਨਗੀ ਵਾਲੇ ਜਹਾਜ਼ਾਂ ਨੂੰ ਆਪਣੇ ਗੇਟਾਂ 'ਤੇ ਰੁਕਣ ਲਈ ਮਜਬੂਰ ਕਰ ਦਿੱਤਾ ਹੈ, ਜਦੋਂ ਕਿ ਬੀਸੀ ਫੈਰੀਜ਼ ਨੇ ਲੋਅਰ ਮੇਨਲੈਂਡ ਅਤੇ ਵੈਨਕੂਵਰ ਆਈਲੈਂਡ ਵਿਚਕਾਰ 20 ਤੋਂ ਵੱਧ ਜਹਾਜ਼ਾਂ ਨੂੰ ਰੱਦ ਕਰ ਦਿੱਤਾ ਹੈ।


**UNI GLOBAL IMMIGRATION**
**CONSULTING SERVICES LTD.**

*Your Dream......Our Passion*

**For All Your Immigration Related Needs**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962

rcic·cric

#12387 - 75 Ave., Surrey BC V3W 2S7
Email: contactuniglobal@gmail.com



**HOMELAND MORTGAGE CORP.**

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

## ਸੰਪਾਦਕੀ

# ਸਰੀ ਪੁਲਿਸ ਬਨਾਮ ਆਰ.ਸੀ.ਐਮ.ਪੀ. ਮੁੱਦਾ

## ਖਿੱਚੋਤਾਣ ਤੇ ਕਸ਼ੀਦਗੀ ਵਾਲੀ ਸਥਿਤੀ

**ਸੁਖਵਿੰਦਰ ਸਿੰਘ ਚੋਹਲਾ**

ਸਰੀ ਵਿਚ ਮਿਊਂਸਪਲ ਪੁਲਿਸ ਬਨਾਮ ਆਰ ਸੀ ਐਮ ਪੀ ਦਾ ਮੁੱਦਾ ਗੰਭੀਰ ਬਣਿਆ ਹੋਇਆ ਹੈ। ਪਿਛਲੇ ਦਿਨੀਂ ਮੇਅਰ ਬਰੈਂਡਾ ਲੌਕ ਦੀ ਅਗਵਾਈ ਵਾਲੀ ਸਿਟੀ ਕੌਂਸਲ ਵਲੋਂ ਸਰੀ ਵਿਚ ਆਰ ਸੀ ਐਮ ਪੀ ਦੀਆਂ ਸੇਵਾਵਾਂ ਨੂੰ ਜਾਰੀ ਰੱਖਣ ਸਬੰਧੀ 6-3 ਨਾਲ ਮਤਾ ਪਾਸ ਕਰਨ ਉਪਰੰਤ ਇਸਦੀ ਵਿਸਥਾਰਿਤ ਰਿਪੋਰਟ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਨੂੰ ਸੌਂਪ ਦਿੱਤੀ ਗਈ ਹੈ। ਇਸ ਸਬੰਧੀ ਕੋਈ ਵੀ ਅੰਤਿਮ ਫੈਸਲਾ ਹੁਣ ਸਰਕਾਰ ਵਲੋਂ ਲਿਆ ਜਾਣਾ ਹੈ। ਪਰ ਇਸ ਦੌਰਾਨ ਸਰਕਾਰ ਦੇ ਫੈਸਲੇ ਨੂੰ ਪ੍ਰਭਾਵਿਤ ਕਰਨ ਲਈ ਸਬੰਧਿਤ ਧਿਰਾਂ ਵਲੋ ਕੋਸ਼ਿਸ਼ਾਂ ਵੀ ਸਿਖਰ ਤੇ ਹਨ। ਇਹਨਾਂ ਮੁੱਖ ਧਿਰਾਂ ਵਿਚ ਕੀਪ ਦਾ ਆਰ ਸੀ ਐਮ ਪੀ ਇਨ ਸਰੀ ਅਤੇ ਵੇਕ ਅੱਪ ਸਰੀ ਦੇ ਨਾਲ ਕੁਝ ਬਿਜਨੈਸ ਸੰਸਥਾਵਾਂ ਤੋ ਇਲਾਵਾ ਧਾਰਮਿਕ ਸੰਸਥਾਵਾਂ ਦੀ ਇਸ ਮਾਮਲੇ ਵਿਚ ਵਿਵਾਦਿਤ ਸ਼ਮੂਲੀਅਤ ਕਾਰਣ ਖਿੱਚੋਤਾਣ ਤੇ ਕਸ਼ੀਦਗੀ ਵਾਲੀ ਸਥਿਤੀ ਬਣੀ ਹੋਈ ਹੈ।

ਪਿਛਲੇ ਲਗਪਗ ਚਾਰ ਸਾਲ ਤੋਂ ਟੌਪ ਕੈਨੇਡੀਅਨ ਸੁਰੱਖਿਆ ਏਜੰਸੀ ਦੇ ਹੱਕ ਵਿਚ ਆਪਣੀ ਮੁਹਿਮ ਚਲਾਉਣ ਵਾਲੀ ਕੀਪ ਦਾ ਆਰ ਸੀ ਐਮ ਪੀ ਇਨ ਸਰੀ ਦੇ ਆਗੂ ਇਵਾਨ ਸਕਾਟ ਨੇ ਮੰਤਰੀ ਨੂੰ ਪੱਤਰ ਲਿਖਦਿਆਂ ਕਿਹਾ ਹੈ ਕਿ ਇਹ ਸਰੀ ਦੇ ਬਹੁਗਿਣਤੀ ਲੋਕਾਂ ਦੀ ਇੱਛਾ ਮੁਤਾਬਿਕ ਹੈ। ਇਸਤੋਂ ਪਹਿਲਾਂ ਸਰੀ ਦੇ 50,000 ਤੋ ਉਪਰ ਲੋਕ ਇਸਦੇ ਹੱਕ ਵਿਚ ਦਸਤਖਤ ਕਰਕੇ ਵੀ ਆਪਣੀ ਰਾਇ ਦਾ ਪ੍ਰਗਟਾਵਾ ਕਰ ਚੁੱਕੇ ਹਨ। ਇਸੇ ਮੁੱਦੇ ਉਪਰ ਹੀ ਸਰੀ ਕੁਨੈਕਟ ਨੇ ਚੋਣ ਲੜੀ ਸੀ ਜਿਸਦੇ ਹੱਕ ਵਿਚ ਲੋਕ ਵੀ ਆਪਣਾ ਫਤਵਾ ਦੇ ਚੁੱਕੇ ਹਨ। ਉਹਨਾਂ ਹੋਰ ਕਿਹਾ ਹੈ ਕਿ ਸ਼ਹਿਰ ਵਿਚ ਪੁਲਿਸ ਫੋਰਸ ਕਿਸ ਕਿਸਮ ਦੀ ਹੋਣੀ ਚਾਹੀਦੀ ਹੈ, ਇਹ ਫੈਸਲਾ ਸਿਟੀ ਕੌਂਸਲ ਨੇ ਕਰਨਾ ਹੁੰਦਾ ਹੈ। ਸਿਟੀ ਕੌਂਸਲ ਨੇ ਆਪਣਾ ਫੈਸਲਾ ਕਰ ਦਿੱਤਾ ਹੈ ਜਿਸ ਉਪਰ ਸਰਕਾਰ ਦੀ ਮੋਹਰ ਲੱਗਣੀ ਬਾਕੀ ਹੈ।

ਦੂਸਰੇ ਪਾਸੇ ਮਿਊਂਸਪਲ ਪੁਲਿਸ ਦਾ ਵਿਚਾਰ ਲੈਕੇ ਆਉਣ ਵਾਲੀ ਵੇਕ ਅੱਪ ਸਰੀ ਦੇ ਆਗੂ ਗੁਰਪ੍ਰੀਤ ਸਿੰਘ ਸਹੋਤਾ ਨੇ ਮਿਊਂਸਪਲ ਪੁਲਿਸ ਦੀ ਟਰਾਂਜੀਸ਼ਨ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ ਹੈ। ਉਹਨਾਂ ਮੰਤਰੀ ਨੂੰ ਜੂਨ 2018 ਵਿਚ ਸਰੀ ਦੇ ਲੋਕਾਂ ਵਲੋਂ ਮਿਊਂਸਪਲ ਪੁਲਿਸ ਦੀ ਮੰਗ ਨੂੰ ਲੈਕੇ ਕੀਤੇ ਗਏ ਇਕੱਠ ਦੀ ਯਾਦ ਤਾਜਾ ਕਰਵਾਈ ਹੈ ਤੇ ਸਰੀ ਦੇ ਲੋਕਾਂ ਦੀ ਬੇਹਤਰ ਸੁਰੱਖਿਆ ਲਈ ਪੁਲਿਸ ਟਰਾਂਜੀਸ਼ਨ ਨੂੰ ਜਾਰੀ ਰੱਖਣ ਨੂੰ ਬੇਹਤਰ ਆਪਸ਼ਨ ਦੱਸਿਆ




ਹੈ। ਉਧਰ ਵਾਈਟ ਰੌਕ ਦੀ ਆਗੂ ਰਮੋਨਾ ਕੈਪਟਨ ਦੀ ਦਲੀਲ ਵੀ ਕਮਾਲ ਹੈ। ਉਹਨਾਂ ਲਿਖਿਆ ਹੈ ਕਿ ਉਸਨੇ ਪਿਛਲੇ ਸਮੇਂ ਦੌਰਾਨ ਆਰ ਸੀ ਐਮ ਪੀ ਨੂੰ ਸਰੀ ਵਿਚ ਰੱਖੇ ਜਾਣ ਸਬੰਧੀ ਪ੍ਰੀਮੀਅਰ ਨੂੰ ਪੱਤਰ ਲਿਖਿਆ ਸੀ ਜਿਸਦੇ ਜਵਾਬ ਵਿਚ ਪ੍ਰੀਮੀਅਰ ਆਫਿਸ ਨੇ ਕਿਹਾ ਸੀ ਇਸ ਸਬੰਧੀ ਮੇਅਰ ਨਾਲ ਸੰਪਰਕ ਕਰੋ। ਪਰ ਹੁਣ ਜਦੋਂ ਸਿਟੀ ਕੌਂਸਲ ਨੇ ਇਸਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ ਹੈ ਤਾਂ ਅੰਤਿਮ ਫੈਸਲਾ ਜਨਤਕ ਸੁਰੱਖਿਆ ਮੰਤਰੀ ਲੈਣਗੇ । ਸਵਾਲ ਹੈ ਕਿ ਕੀ ਹੁਣ ਇਹ ਮਾਮਲਾ ਸਿਟੀ ਕੌਂਸਲ ਦਾ ਨਹੀਂ ਹੈ।

ਸਰੀ ਦੀ ਉਘੀ ਬਿਜਨੈਸ ਸੰਸਥਾ ਸਰੀ ਬੋਰਡ ਆਫ਼ ਟਰੇਡ ਨੇ ਮੰਤਰੀ ਨੂੰ ਭੇਜੇ ਪੱਤਰ ਵਿਚ ਸਰੀ ਆਰ ਸੀ ਐਮ ਪੀ ਨੂੰ ਬਰਕਰਾਰ ਰੱਖਣ ਲਈ ਯੋਜਨਾ ਦੀ ਪ੍ਰਵਾਨਗੀ ਵਿੱਚ ਤੇਜ਼ੀ ਲਿਆਉਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਅਕਾਊਂਟਿੰਗ ਰਿਪੋਰਟ ਦੀ ਜਾਂਚ ਪੜਤਾਲ ਇਹ ਦਸਦੀ ਹੈ ਕਿ ਸਰੀ ਪੁਲਿਸ ਦੀ ਉਚ ਲਾਗਤ ਦਾ ਬਿਜਨੈਸ ਕਮਿਊਨਿਟੀ ਉਪਰ ਭਾਰੀ ਦਬਾਅ ਪਵੇਗਾ ਤੇ ਦੂਸਰਾ ਇਹ ਵੀ ਕੋਈ ਗਾਰੰਟੀ ਨਹੀ ਕਿ ਮਿਊਂਸਪਲ ਪੁਲਿਸ ਦੇ ਆਉਣ ਨਾਲ ਜੁਰਮ ਦਰ ਵਿਚ ਕੋਈ ਕਮੀ ਆਵੇਗੀ। ਇਸ ਲਈ ਸਰੀ ਦੀ ਬਿਜਨੈਸ ਕਮਿਊਨਿਟੀ ਲਈ ਆਰ ਸੀ ਐਮ ਪੀ ਦੀਆਂ ਸੇਵਾਵਾਂ ਹੀ ਬੇਹਤਰ ਹਨ। ਸਰੀ ਮਿਊਂਸਪਲ ਪੁਲਿਸ ਬਨਾਮ ਆਰ ਸੀ ਐਮ ਪੀ ਦੇ ਮੁੱਦੇ ਉਪਰ ਸਿਆਸੀ ਅਤੇ ਸਮਾਜਿਕ ਸੰਸਥਾਵਾਂ ਦੀ ਭੂਮਿਕਾ ਤੇ ਉਹਨਾਂ ਵਿਚਾਲੇ ਖਿੱਚੋਤਾਣ ਤਾਂ ਸਮਝੀ ਜਾ ਸਕਦੀ ਹੈ ਪਰ ਇਸ ਦੌਰਾਨ ਪੰਜਾਬੀ ਕਮਿਊਨਿਟੀ ਨਾਲ ਸਬੰਧਿਤ ਧਾਰਮਿਕ ਸੰਸਥਾਵਾਂ ਦੀ ਵਿਵਾਦਿਤ ਭੂਮਿਕਾ ਨੇ ਮਾਮਲੇ ਨੂੰ ਦਿਲਚਸਪ ਤੇ ਉਲਝਣ ਭਰਪੂਰ ਬਣਾ ਦਿੱਤਾ ਹੈ। ਪਹਿਲਾਂ ਇਹ ਜਿਕਰ ਸੀ ਕਿ ਸਰੀ ਪੁਲਿਸ ਦੇ ਹੱਕ ਵਿਚ ਸਰੀ ਦੀਆਂ ਕੁਝ ਗੁਰਦੁਆਰਾ ਕਮੇਟੀਆਂ ਵਲੋ ਵੀ ਮੰਤਰੀ ਨੂੰ ਪੱਤਰ ਭੇਜੇ ਗਏ ਹਨ। ਪਰ ਇਸੇ ਦੌਰਾਨ ਸਰੀ ਦੀਆਂ ਛੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਾਹਿਬਾਨ ਨੇ ਮੰਤਰੀ ਨੂੰ ਇਕ ਸਾਂਝਾ ਪੱਤਰ ਲਿਖਦਿਆਂ ਸਰੀ ਪੁਲਿਸ ਦੇ ਹੱਕ ਵਿਚ ਭੇਜੇ ਗਏ ਪੱਤਰ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਸ਼ਹਿਰ ਵਿਚ ਕਿਸ ਸੁਰੱਖਿਆ ਏਜੰਸੀ ਦੀਆਂ ਸੇਵਾਵਾਂ ਜਾਰੀ ਰੱਖਣੀਆਂ ਹਨ, ਇਹ ਇਕ ਸਿਆਸੀ ਫੈਸਲਾ ਹੈ ਜਿਸ ਨਾਲ ਧਾਰਮਿਕ ਸੰਸਥਾਵਾਂ ਦਾ ਕੋਈ ਸਬੰਧ ਨਹੀਂ।

ਸਰੀ ਸਥਿਤ ਗੁਰਦੁਆਰਾ ਦੂਖ ਨਿਵਾਰਨ ਸਾਹਿਬ , ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ , ਗੁਰਦੁਆਰਾ ਦਸਮੇਸ਼ ਦਰਬਾਰ , ਦਰਬਾਰ ਸ੍ਰੀ ਗੁਰੂ ਗਰੰਥ ਸਾਹਿਬ, ਗੁਰਦੁਆਰਾ ਅੰਮ੍ਰਿਤ ਪ੍ਰਕਾਸ਼ , ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨਾਂ ਵਲੋ ਆਪਣੇ ਦਸਤਖਤਾਂ ਹੇਠ ਜਾਰੀ ਇਕ ਪੱਤਰ ਵਿਚ ਸਰੀ ਪੁਲਿਸ ਦੇ ਹੱਕ ਵਿਚ ਭੇਜੇ ਗਏ ਪੱਤਰ ਨੂੰ ਜਾਅਲੀ ਕਰਾਰ ਦਿੰਦਿਆਂ ਉਹਨਾਂ ਦੀਆਂ ਸੰਸਥਾਵਾਂ ਦੇ ਲੋਗੋ ਅਤੇ ਨਾਵਾਂ ਦੀ ਦੁਰਵਰਤੋਂ ਕੀਤੇ ਜਾਣ ਦੀ ਗੱਲ ਕਹੀ ਗਈ ਹੈ। ਉਹਨਾਂ ਆਪਣੇ ਪੱਤਰ ਵਿਚ ਕੁਝ ਲੋਕਾਂ ਦੁਆਰਾ ਸਰੀ ਪੁਲਿਸਿੰਗ ਦੇ ਮੁੱਦੇ ਨੂੰ ਸਿਆਸਤ ਤੋ ਪ੍ਰੇਰਿਤ ਅਤੇ ਕਮਿਊਨਿਟੀ ਵਿਚ ਵੰਡੀਆਂ ਪਾਉਣ ਵਾਲਾ ਬਣਾਉਣ ਦੇ ਦੋਸ਼ ਲਗਾਉਂਦਿਆਂ ਇਸ ਮੁੱਦੇ ਤੋ ਨਿਰਲੇਪ ਰਹਿਣ ਦੀ ਗੱਲ ਕਹੀ ਹੈ। ਜਿਕਰਯੋਗ ਹੈ ਕਿ ਇਹ ਉਹੀ ਧਾਰਮਿਕ ਸੰਸਥਾਵਾਂ ਹਨ ਜਿਹਨਾਂ ਨੇ ਪਹਿਲੇ ਮੇਅਰ ਡੱਗ ਮੈਕਲਮ ਦੀ ਅਗਵਾਈ ਹੇਠ ਮਿਊਂਸਪਲ ਪੁਲਿਸ ਦੀ ਕਾਇਮੀ ਲਈ ਆਪਣਾ ਸਮਰਥਨ ਦਿੱਤਾ ਸੀ ਪਰ ਹੁਣ ਸਿਟੀ ਪ੍ਰਸ਼ਾਸ਼ਨ ਵਿਚ ਤਬਦੀਲੀ ਕਾਰਣ ਉਹਨਾਂ ਦੇ ਸਮਰਥਨ ਵਿਚ ਤਬਦੀਲੀ ਨੂੰ ਵੀ ਸਮਝਣਾ ਬਣਦਾ ਹੈ। ਉਹਨਾਂ ਨਾਲ ਸਬੰਧਿਤ ਸੰਸਥਾਵਾਂ ਦੇ ਨਾਵਾਂ ਤੇ ਲੋਗੋ ਦੀ ਜਿਸ ਧਿਰ ਨੇ ਵੀ ਆਪਣੇ ਸਮਰਥਨ ਲਈ ਵਰਤੋਂ ਕੀਤੀ ਹੈ, ਇਹ ਧੋਖਾਧੜੀ ਦਾ ਇਕ ਗੰਭੀਰ ਮੁੱਦਾ ਹੋਣ ਦੇ ਨਾਲ ਜਾਂਚ ਦੀ ਮੰਗ ਵੀ ਕਰਦਾ ਹੈ। ਕਿਸੇ ਸਿਆਸੀ ਧਿਰ ਦੇ ਏਜੰਡੇ ਦਾ ਸਮਰਥਨ, ਖੰਡਨ ਤੇ ਨਿਰਪੱਖ ਹੋਣ ਦੇ ਦਾਅਵੇਦਾਰਾਂ ਵਲੋਂ ਧਾਰਮਿਕ ਅਦਾਰਿਆਂ ਨੂੰ ਕਾਰੋਬਾਰੀ ਮਜ਼ਬੂਰੀ ਵੱਸ ਚੱਲਣਾ-ਚਲਾਉਣਾ ਵੀ ਗੰਭੀਰ ਸਵਾਲ ਖੜੇ ਕਰਦਾ ਹੈ।






# ਸਾਬਕਾ ਸਰਪੰਚ ਤੇਜ ਸਿੰਘ ਗਰਚਾ ਨੂੰ ਸਦਮਾ, ਪਿਤਾ ਸਵਰਗਵਾਸ



ਸਰੀ (ਮਹੇਸ਼ਇੰਦਰ ਸਿੰਘ ਮਾਂਗਟ)-ਸਾਬਕਾ ਸਰਪੰਚ ਤੇਜ ਸਿੰਘ ਗਰਚਾ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨਾਂ ਦੇ ਪਿਤਾ ਸਾਬਕਾ ਸਰਪੰਚ ਤੇ ਮੌਜੂਦਾ ਗੁਰਦੁਆਰਾ ਸਾਹਿਬ ਕੁਹਾੜਾ ਦੇ ਪ੍ਰਧਾਨ ਸ੍ਰ.ਬੰਤਾਂ ਸਿੰਘ (99 ਸਾਲ) ਅਚਾਨਕ ਸਵਰਗਵਾਸ ਹੋ ਗਏ। ਉਨਾਂ ਦਾ ਅੰਤਮਿਕ ਸੰਸਕਾਰ ਕਰ ਦਿੱਤਾ ਗਿਆ ਹੈ। ਸ੍ਰ. ਬੰਤਾਂ ਸਿੰਘ ਨੇ ਭਾਰਤੀ ਫੌਜ 'ਚ ਆਪਣੀਆਂ ਸੇਵਾਵਾਂ ਵੀ ਨਿਭਾਈਆ ਤੇ 1993 ਤੋਂ ਲੈ ਕੇ 2003 ਤੱਕ ਕੁਹਾੜਾ ਦੇ ਸਰਪੰਚ ਵੀ ਰਹੇ। ਉਹ ਕੁਹਾੜਾ ਗੁਰਦੁਆਰਾ ਸਾਹਿਬ ਦੇ ਲਗਾਤਾਰ ਪ੍ਰਧਾਨ ਬਣਦੇ ਆ ਰਹੇ ਸਨ। ਉਨਾਂ ਦੇ ਭਤੀਜੇ ਗੁਰਦੀਪ ਸਿੰਘ ਗਰਚਾ ਇਸ ਸਮੇਂ ਕਨੈਡਾ ਆਪਣੇ ਬੇਟੇ ਪ੍ਰਿਤਪਾਲ ਸਿੰਘ ਗਰਚਾ ਕੋਲ ਆਏ ਸਨ। ਸ੍ਰ. ਬੰਤਾਂ ਸਿੰਘ ਦੇ ਪੋਤੇ ਪ੍ਰਿਤਪਾਲ ਸਿੰਘ ਗਰਚਾ, ਕਰਨਵੀਰ ਸਿੰਘ ਗਰਚਾ, ਜਸਪ੍ਰੀਤ ਸਿੰਘ ਗਰਚਾ ਕੈਨੇਡਾ ਤੇ ਇੰਦਰਜੀਤ ਸਿੰਘ ਗਰਚਾ ਅਮਰੀਕਾ 'ਚ ਰਹਿ ਰਹੇ ਹਨ। ਉਨਾਂ ਦੀ ਨਮਿਤ ਯਾਦ 'ਚ ਰੱਖੇ ਪਾਠ ਦੇ ਭੋਗ 29 ਦਸੰਬਰ ਦਿਨ ਵੀਰਵਾਰ ਨੂੰ ਗੁਰਦੁਆਰਾ ਈਸਰਸਰ ਸਾਹਿਬ ਕੁਹਾੜਾ (ਲੁਧਿਆਣਾ) ਵਿਖੇ ਪਾਏ ਜਾਣਗੇ।

# ਨਵੇਂ ਕੰਸਰਵੇਟਿਵ ਆਗੂ ਪੀਅਰੇ ਪੋਲੀਵਰ ਦੀ ਲੋਕਪ੍ਰਿਯਤਾ ਰੇਟਿੰਗ ਘਟੀ-ਸਰਵੇਖਣ ਵਿਚ ਖੁਲਾਸਾ

## ਜਗਮੀਤ ਸਿੰਘ ਦੀ ਟਰੂਡੋ ਤੇ ਪੋਲੀਵਰ ਤੋਂ ਚੜ੍ਹਤ ਬਣੀ







ਓਟਵਾ-ਪੀਅਰੇ ਪੋਲੀਵਰ ਦੀ ਪਹਿਲੇ ਦਿਨਾਂ ਵਿਚ ਲੋਕਪ੍ਰਿਯਤਾ ਸਾਬਕਾ ਚੋਟੀ ਦੇ ਟੋਰੀ ਨੇਤਾਵਾਂ ਐਂਡਰਿਉ ਸ਼ੀਅਰ, ਐਰਿਨ ਓਟੂਲ ਅਤੇ ਸਟੀਫਨ ਹਾਰਪਰ ਦੇ ਮੁਕਾਬਲੇ ਘੱਟ ਹੈ। ਐਂਗਸ ਰੀਡ ਵਲੋਂ ਕਰਵਾਏ ਸਰਵੇਖਣ ਮੁਤਾਬਕ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਗਰਮੀਆਂ ਦੇ ਪੱਧਰ ਦੇ ਮੁਕਾਬਲੇ ਪ੍ਰਵਾਨਗੀ ਰੇਟਿੰਗ ਪੰਜ ਫ਼ੀਸਦੀ ਵਧੀ ਹੈ। ਪੋਲੀਵਰੇ ਦੀ ਔਰਤਾਂ ਵਿਚ 23 ਫ਼ੀਸਦੀ ਦੇ ਮੁਕਾਬਲੇ ਮਰਦਾਂ ਵਿਚ ਪ੍ਰਵਾਨਗੀ ਦੀ ਦਰ ਦੁੱਗਣੀ 44 ਫ਼ੀਸਦੀ ਹੈ ਜਦਕਿ ਇਸ ਦੇ ਬਿਲਕੁਲ ਉਲਟ ਟਰੂਡੋ ਦੀ ਮਰਦਾਂ ਵਿਚ ਪ੍ਰਵਾਨਗੀ ਦੀ ਦਰ 35 ਫ਼ੀਸਦੀ ਤੇ ਔਰਤਾਂ ਵਿਚ 50 ਫ਼ੀਸਦੀ ਹੈ। ਸਰਵੇਖਣ ਦਾ ਕਹਿਣਾ ਕਿ ਟਰੂਡੋ ਦੀ ਪ੍ਰਵਾਨਗੀ ਦਰ 6 ਮਹੀਨੇ ਪਹਿਲਾਂ 38 ਫ਼ੀਸਦੀ ਤੋਂ ਵਧ ਕੇ 43 ਫ਼ੀਸਦੀ ਹੋ ਗਈ ਹੈ ਜਦਕਿ ਪੋਲੀਵਰੇ ਦੀ 33 ਫ਼ੀਸਦੀ ਹੈ। ਐਨਡੀਪੀ ਦੇ ਨੇਤਾ ਜਗਮੀਤ ਸਿੰਘ 47 ਫ਼ੀਸਦੀ ਨਾਲ ਦੋਵਾਂ ਟਰੂਡੋ ਜਾਂ ਪੋਲੀਵਰ ਦੋਵਾਂ ਤੋਂ ਅੱਗੇ ਰਹੇ ਪਰ ਇਸ ਦੇ ਨਾਲ ਹੀ ਸਿੰਘ ਜ਼ਿਆਦਾ ਨਾਪਸੰਦ ਰਾਏ 20 ਫ਼ੀਸਦੀ ਰਹੀ ਜਦਕਿ ਇਕ ਚੌਥਾਈ ਨੇ ਉਨ੍ਹਾਂ ਦੀ ਲੀਡਰਸ਼ਿਪ ਨੂੰ ਬਹੁਤ ਹੀ ਪ੍ਰਤੀਕੂਲ ਰੇਟਿੰਗ ਦਿੱਤੀ, ਭਾਵ ਪਸੰਦ ਨਹੀਂ ਕੀਤਾ। ਪੋਲਸਟਰ ਨੇ ਦੇਸ਼ ਦੇ ਪ੍ਰਮੁੱਖ ਮੁੱਦਿਆਂ ਬਾਰੇ ਵੀ ਰਾਇ ਜਾਣੀ ਜਿਨ੍ਹਾਂ ਵਿਚ 61 ਫ਼ੀਸਦੀ ਨੇ ਰਹਿਣ ਸਹਿਣ ਦੀ ਲਾਗਤ ਤੇ ਮਹਿੰਗਾਈ, 49 ਫ਼ੀਸਦੀ ਨੇ ਸਿਹਤ ਸੰਭਾਲ, 28 ਫ਼ੀਸਦੀ ਨੇ ਵਾਤਾਵਰਣ ਤੇ ਪੌਣਪਾਣੀ ਤਬਦੀਲੀ, 26 ਫ਼ੀਸਦੀ ਨੇ ਘਰ ਦੀ ਸਮਰੱਥਾ, 21 ਫ਼ੀਸਦੀ ਨੇ ਆਰਥਿਕਤਾ, 17 ਫ਼ੀਸਦੀ ਨੇ ਆਮਦਨ ਨਾਬਰਾਬਰੀ ਤੇ ਗਰੀਬੀ, 15 ਫ਼ੀਸਦੀ ਨੇ ਘਾਟਾ ਤੇ ਸਰਕਾਰੀ ਖਰਚ, 15 ਫ਼ੀਸਦੀ ਨੇ ਟੈਕਸ, 12 ਫ਼ੀਸਦੀ ਨੇ ਅਪਰਾਧ ਤੇ ਜਨਤਕ ਸਰੁੱਖਿਆ ਅਤੇ 11 ਫ਼ੀਸਦੀ ਨੇ ਨੈਤਿਕਤਾ ਤੇ ਭ੍ਰਿਸ਼ਟਾਚਾਰ ਨੂੰ ਮੁੱਖ ਮੁੱਦੇ ਦੱਸਿਆ। ਤਰਜੀਹੀ ਸੂਚੀ ਦੇ ਹੇਠਾਂ ਕਈ ਮੁੱਦਿਆਂ ਨੂੰ ਅਕਸਰ ਕੰਜ਼ਰਵੇਟਿਵ ਪਾਰਟੀ ਦੇ ਤਰਜੀਹਾਂ ਵਜੋਂ ਦੇਖਿਆ ਜਾਂਦਾ ਹੈ ਜਿਨ੍ਹਾਂ ਵਿਚ ਟੈਕਸ ਤੇ ਅਪਰਾਧ ਸ਼ਾਮਿਲ ਹਨ। ਐਂਗਸ ਰੀਡ ਇੰਸਟੀਚਿਊਟ ਨੇ ਆਪਣੇ ਫੋਰਮ ਦੇ 5030 ਕੈਨੇਡੀਅਨ ਬਾਲਗਾਂ ਦਾ ਔਨਲਾਈਨ ਸਰਵੇਖਣ ਕੀਤਾ ਸੀ।

# ਦਹਾਕਿਆਂ ਵਿਚ ਪਹਿਲੀ ਵਾਰ ਤੇਜ਼ੀ ਨਾਲ ਵਧ ਰਹੀ ਹੈ ਕੈਨੇਡਾ ਦੀ ਆਬਾਦੀ



ਓਟਵਾ-ਹੁਣ ਜਦੋਂ 2022 ਸਾਲ ਖਤਮ ਹੋ ਰਿਹਾ ਹੈ ਤਾਂ ਗੈਰ ਸਥਾਈ ਨਿਵਾਸੀਆਂ ਤੇ ਪ੍ਰਵਾਸੀਆਂ ਦੀ ਆਮਦ ਕਾਰਨ ਕੈਨੇਡਾ ਦੀ ਆਬਾਦੀ ਇਸ ਦੇ ਕਨਫੈਡਰੇਸ਼ਨ ਬਣਨ ਦੇ ਕਿਸੇ ਵੀ ਹੋਰ ਸਾਲ ਨਾਲੋਂ ਪਹਿਲਾਂ ਹੀ ਵਧ ਗਈ ਹੈ। ਬੁੱਧਵਾਰ ਜਾਰੀ ਕੀਤੇ ਗਏ ਅਨੁਮਾਨਾਂ ਮੁਤਾਬਿਕ ਜੁਲਾਈ ਤੇ ਅਕਤੂਬਰ ਵਿਚਕਾਰ ਕੈਨੇਡਾ ਦੀ ਆਬਾਦੀ ਵਿਚ 362453 ਵਿਅਕਤੀਆਂ ਜਾਂ 0.9 ਫ਼ੀਸਦੀ ਵਾਧਾ ਹੋਇਆ ਹੈ। ਏਜੰਸੀ ਨੇ ਕਿਹਾ ਕਿ 2011 ਵਿਚ ਕੁਲ ਜਨਸੰਖਿਆ ਵਾਧੇ ਨਾਲੋਂ ਤਿੰਨ ਮਹੀਨਿਆਂ ਦੇ ਸਮੇਂ ਵਿਚ ਲੋਕਾਂ ਦੀ ਆਮਦ ਜ਼ਿਆਦਾ ਹੋਈ ਹੈ। 1957 ਦੀ ਦੂਸਰੀ ਤਿਮਾਹੀ ਪਿੱਛੋਂ ਇਹ ਇਕ ਤਿਮਾਹੀ ਵਿਚ ਸਭ ਤੋਂ ਤੇਜ਼ ਵਾਧਾ ਹੈ। ਉਸ ਸਮੇਂ 1956 ਦੀ ਹੰਗਰੀਅਨ ਕ੍ਰਾਂਤੀ ਪਿੱਛੋਂ ਸ਼ਰਨਾਰਥੀ ਦੀ ਆਮਦ ਦੇ ਨਾਲ ਨਾਲ ਬੱਚਿਆਂ ਦੀ ਜਨਮ ਦਰ ਕਾਫੀ ਜ਼ਿਆਦਾ ਸੀ। ਫੈਡਰਲ ਏਜੰਸੀਆਂ ਦਾ ਕਹਿਣਾ ਕਿ ਇਹ ਵਾਧਾ ਗੈਰ ਸਥਾਈ ਨਿਵਾਸੀਆਂ ਜਿਨ੍ਹਾਂ ਵਿਚ ਵਰਕ ਪਰਮਿਟ ਧਾਰਕ ਵੀ ਸ਼ਾਮਿਲ ਹਨ ਅਤੇ ਰੂਸ ਦੇ ਯੂਕਰੇਨ 'ਤੇ ਹਮਲੇ ਕਾਰਨ ਉਥੋਂ ਦੌੜੇ ਲੋਕਾਂ ਕਾਰਨ ਹੋਇਆ ਹੈ। ਯੌਰਕ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ ਇਕੁਇਟੀ ਸਟੱਡੀਜ਼ ਵਿਚ ਇਕ ਸਹਾਇਕ ਪ੍ਰੋਫੈਸਰ ਯੌਕਨ ਸੂ ਨੇ ਕਿਹਾ ਕਿ ਵਧ ਰਹੀ ਆਬਾਦੀ ਆਰਥਿਕਤਾ ਵਿਚ ਹਾਂਪੱਖੀ ਤਰੀਕੇ ਨਾਲ ਯੋਗਦਾਨ ਪਾਉਣ ਵਿਚ ਮਦਦ ਕਰ ਸਕਦੀ ਹੈ। ਉਸ ਦਾ ਕਹਿਣਾ ਕਿ ਉਸਾਰੀ ਤੇ ਫੈਕਟਰੀਆਂ ਵਰਗੇ ਵੱਡੇ ਸੈਕਟਰਾਂ ਵਿਚ ਅਸਾਮੀਆਂ ਨੂੰ ਭਰਨਾ ਕੈਨੇਡਾ ਲਈ ਮੁੱਦਾ ਬਣਿਆਂ ਹੋਇਆ ਹੈ। ਮਜ਼ਦੂਰਾਂ ਦੀਆਂ ਇਹ ਸਾਰੀਆਂ ਨੌਕਰੀਆਂ ਲਈ ਕਾਮਿਆਂ ਤੇ ਪ੍ਰਵਾਸੀਆਂ ਦੀ ਵੱਡੀ ਲੋੜ ਹੈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।












604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

## 2026 ਵਿਚ ਕੈਨੇਡਾ ਇਲੈਕਟ੍ਰਿਕ ਮੋਟਰ ਗੱਡੀਆਂ ਦੀ ਵਿਕਰੀ ਨੂੰ ਲਾਜ਼ਮੀ ਕਰੇਗਾ

ਸਫ਼ਾ 1 ਦੀ ਬਾਕੀ

ਲੰਬਾ ਸਫਰ ਤਹਿ ਕਰਨਾ ਹੈ। ਇਸ ਸਾਲ ਦੇ ਪਹਿਲੇ 6 ਮਹੀਨਿਆਂ ਵਿਚ ਮੁਕੰਮਲ ਇਲੈਕਟ੍ਰਿਕ ਤੇ ਪਲੱਗ-ਇਨ ਹਾਈਬ੍ਰਿਡ ਮੋਟਰ ਗੱਡੀਆਂ ਦੀ ਵਿਕਰੀ ਨਵੀਂ ਕਾਰ ਰਜਿਸਟਰੇਸ਼ਨ ਵਿਚ ਸਿਰਫ 7.2 ਫ਼ੀਸਦੀ ਸੀ। ਗੈਰ ਮੁਨਾਫਾ ਸੰਗਠਨ ਪਲੱਗ ਇਨ ਡਰਾਈਵ ਜਿਹੜਾ ਇਲੈਕਟ੍ਰਿਕ ਮੋਟਰ ਗੱਡੀਆਂ ਦੀ ਵਰਤੋਂ ਲਈ ਉਤਸ਼ਾਹਿਤ ਕਰਦਾ ਹੈ ਦੇ ਪ੍ਰਧਾਨ ਤੇ ਸੀਈਓ ਕਾਰਾ ਕਲੇਅਰਮੈਨ ਨੇ ਕਿਹਾ ਕਿ ਗੈਸ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ ਤੋਂ ਤਬਦੀਲੀ ਨੂੰ ਉਤਸ਼ਾਹਿਤ ਕਰਨ ਦਾ ਸਭ ਤੋਂ ਔਖਾ ਹਿੱਸਾ ਉਪਲਬਧਤਾ ਹੈ। ਉਸ ਨੇ ਦੱਸਿਆ ਕਿ ਲੰਬੀਆਂ ਉਡੀਕ ਸੂਚੀਆਂ ਖ਼ਪਤਕਾਰਾਂ ਦਾ ਹੌਸਲਾ ਢਾਹ ਰਹੀਆਂ ਹਨ ਜਿਹੜੇ ਇਸ ਤਬਦੀਲੀ ਲਈ ਤਿਆਰ ਹਨ। ਜੇਕਰ ਅਸੀਂ ਸਾਰੇ ਸਹਿਮਤ ਹੋਈਏ ਕਿ ਅਸੀਂ ਪੌਣਪਾਣੀ ਐਮਰਜੈਂਸੀ ਵਿਚ ਹੈ ਤਾਂ ਸਾਨੂੰ ਜਿੰਨਾ ਛੇਤੀ ਹੋ ਸਕੇ ਤਾਂ ਤਬਦੀਲੀ ਲਈ ਖ਼ਪਤਕਾਰਾਂ ਦੀ ਮਦਦ ਕਰਨ ਦੀ ਲੋੜ ਹੈ। ਕੈਨੇਡੀਅਨ ਵਹੀਕਲ ਮੈਨੂਫੈਕਚਰਜ਼ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸੀਈਓ ਬਰਾਇਨ ਕਿੰਗਸਟਨ ਨੇ ਕਿਹਾ ਕਿ ਫੈਡਰਲ ਸਰਕਾਰ ਨੂੰ ਵਿਕਰੀ ਨੂੰ ਨਿਯਮਤ ਕਰਨ ਤੋਂ ਪਹਿਲਾਂ ਇਲੈਕਟ੍ਰਿਕ ਮੋਟਰ ਗੱਡੀਆਂ ਲਈ ਜ਼ਰੂਰੀ ਬੁਨਿਆਦੀ ਢਾਂਚਾ ਉਸਾਰਨਾ ਚਾਹੀਦਾ ਹੈ। ਉਸ ਨੇ ਕਿਹਾ ਕਿ ਕੈਨੇਡਾ ਦਾ ਬੁਨਿਆਦੀ ਢਾਂਚਾ ਵਧ ਰਹੀਆਂ ਮੋਟਰ ਗੱਡੀਆਂ ਦੀ ਸਹਾਇਤਾ ਲਈ ਲੀਹ 'ਤੇ ਨਹੀਂ। 30 ਦਸੰਬਰ ਨੂੰ ਰਸਮੀ ਰੂਪ ਵਿਚ ਛਾਪੇ ਜਾਣ ਵਾਲੇ ਖਰੜਾ ਨਿਯਮਾਂ ਤਹਿਤ ਸਰਕਾਰ ਨੂੰ ਮੋਟਰ ਗੱਡੀਆਂ ਦੀ ਵਿਕਰੀ ਲਈ ਕ੍ਰੈਡਿਟ ਜਾਰੀ ਕਰਕੇ ਵਿਕਰੀ 'ਤੇ ਨਜ਼ਰ ਰੱਖਣਾ ਦਾ ਪ੍ਰਸਤਾਵ ਕਰਦਾ ਹੈ।

# ਦੂਸਰੀ ਵਾਰ ਕੌਂਸਲਰ ਬਣੇ ਮਨਦੀਪ ਨਾਗਰਾ ਸ਼ਹਿਰ ਲਈ ਕੁਝ ਬੇਹਤਰ ਕਰਨ ਦੇ ਚਾਹਵਾਨ

ਸਰੀ-ਦੂਸਰੀ ਵਾਰ ਕੌਂਸਲਰ ਚੁਣੇ ਗਏ ਮਨਦੀਪ ਨਾਗਰਾ ਦਾ ਕਹਿਣਾ ਕਿ ਉਹ ਸ਼ਹਿਰ ਲਈ ਕੁਝ ਬਿਹਤਰ ਕਰਨਾ ਚਾਹੁੰਦੇ ਹਨ। ਸੇਫ ਸਰੀ ਕੁਲੀਸ਼ਨ ਨਾਲ ਸਬੰਧਤ ਮਨਦੀਪ ਨਾਗਰਾ ਅਕਤੂਬਰ ਵਿਚ ਸਰੀ ਵਿਚ 24406 ਵੋਟਾਂ ਨਾਲ ਚੁਣਿਆਂ ਜਾਣ ਵਾਲਾ ਅੱਠਵਾਂ ਤੇ ਆਖਰੀ ਸਿਟੀ ਕੌਂਸਲਰ ਸੀ। ਇਹ ਨਾਗਰਾ ਦੀ ਦੂਸਰੀ ਮਿਆਦ ਹੈ। ਇਹ ਮਿਆਦ ਵੱਖਰੀ ਹੋਵੇਗੀ ਕਿਉਂਕਿ ਸਲੇਟ ਜਿਸ ਦੇ ਤਹਿਤ ਉਹ ਚੁਣਿਆਂ ਗਿਆ ਹੈ ਕੋਲ ਕੌਂਸਲ ਵਿਚ ਬਹੁਮਤ ਨਹੀਂ। ਕੇਵਲ ਨਾਗਰਾ ਤੇ ਡੱਗ ਐਲਫੋਰਡ 15 ਅਕਤੂਬਰ ਨੂੰ ਸੇਫ ਸਰੀ ਦੇ ਕੌਂਸਲਰ ਚੁਣੇ ਗਏ ਸਨ। ਨਾਗਰਾ ਜਿਹੜਾ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਸਰੀ ਦਾ ਵਸਨੀਕ ਹੈ ,ਦਾ ਪਾਲਣ ਪੋਸ਼ਣ ਵੈਨਕੂਵਰ ਵਿਚ ਹੋਇਆ ਅਤੇ 2000 ਦਹਾਕੇ ਦੇ ਸ਼ੁਰੂ ਵਿਚ ਉਹਨਾਂ ਦਾ ਪਰਿਵਾਰ ਸਰੀ ਆਇਆ ਸੀ। ਉਹ ਆਪਣੀ ਪਤਨੀ ਰਾਜਪ੍ਰੀਤ ਅਤੇ ਦੋ ਲੜਕਿਆਂ 9 ਸਾਲਾ ਅਵੀਰ ਤੇ 4 ਸਾਲਾ ਕਾਬੀਰ ਨਾਲ ਪੈਨੋਰਮਾ ਰਿਜ ਵਿਚ ਰਹਿੰਦਾ ਹੈ। ਵਿਹਲਾ ਸਮਾਂ ਨਾਗਰਾ ਆਪਣੇ ਪਰਿਵਾਰ ਨਾਲ ਗੁਜ਼ਾਰਨਾ ਪਸੰਦ ਕਰਦਾ ਹੈ। ਉਸ ਦੀ ਕਾਰੋਬਾਰ ਵਿਚ ਵੀ ਡੂੰਘੀ ਦਿਲਚਸਪੀ ਹੈ ਜਿਸ ਕਾਰਨ ਉਹ ਆਪਣੀ ਸਿੱਖਿਆ ਜਾਰੀ ਰੱਖ ਰਿਹਾ ਹੈ ਅਤੇ ਆਨਲਾਈਨ ਬਿਜਨਸ ਡਿਗਰੀ ਪ੍ਰੋਗਰਾਮ ਵਿਚ ਦਾਖਲਾ ਲਿਆ ਹੋਇਆ ਹੈ। ਉਸ ਦਾ ਪਰਿਵਾਰ ਨਿਊਟਨ ਵਿਚ ਫ੍ਰੇਜ਼ਰਵਿਊ ਮੀਟਸ ਦਾ ਮਾਲਕ ਹੈ ਅਤੇ ਨਿਊਟਨ ਵਿਚ ਸਕੌਟਸਡੇਲ ਲੇਨਜ਼ ਬਾਊਲਿੰਗ ਕਾਰੋਬਾਰ ਹੈ। ਉਹ ਪਾਰਟ ਟਾਈਮ ਇਨ੍ਹਾਂ ਕਾਰੋਬਾਰਾਂ ਨੂੰ ਵੇਖਦਾ ਕਰਦਾ ਹੈ। ਨਾਗਰਾ ਆਖਦਾ ਹੈ ਕਿ ਉਸ ਦਾ ਵਪਾਰਕ ਪਿਛੋਕੜ ਕੌਂਸਲਰ ਵਜੋਂ ਉਸ ਲਈ ਮਦਦਗਾਰ ਹੈ। ਉਨ੍ਹਾਂ ਦੱਸਿਆ ਕਿ ਉਹ ਆਪਣਾ




ਬਹੁਤਾ ਸਮਾਂ ਕੌਂਸਲ ਵਿਚ ਲੋਕਾਂ ਨੂੰ ਉਨ੍ਹਾਂ ਦੇ ਛੋਟੇ ਕਾਰੋਬਾਰੀ ਪਰਮਿਟਾਂ ਨਾਲ ਮਦਦ ਕਰਨ ਵਿਚ ਬਿਤਾਉਂਦਾ ਹੈ। ਨਾਗਰਾ ਨੇ ਮੀਡੀਆ ਨੂੰ ਦੱਸਿਆ ਕਿ ਕੌਂਸਲ ਦੀ ਕੰਮਕਾਜ ਵਿਚ ਬਹੁਤ ਸਾਰੀ ਲਾਲ ਫੀਤਾਸ਼ਾਹੀ ਹੈ ਜਿਸ ਨੂੰ ਖਤਮ ਕਰਨ ਦੀ ਲੋੜ ਹੈ ਅਤੇ ਅਸੀਂ ਇਸ 'ਤੇ ਕੰਮ ਕਰ ਰਹੇ ਹਾਂ। ਉਹ ਚਾਹੁੰਦਾ ਹੈ ਕਿ ਕੰਮ ਲਈ, ਖ਼ਾਸਕਰ ਕਿਰਾਏਦਾਰ ਸੁਧਾਰਾਂ ਤੇ ਸਿੰਗਲ ਫੈਮਿਲੀ ਘਰਾਂ ਵਰਗੇ ਜ਼ਿਆਦਾ ਛੋਟੇ ਪਰਮਿਟਾਂ ਲਈ ਸਮੇਂ ਦੀ ਹੱਦ ਮਹੀਨਿਆਂ ਦੀ ਬਜਾਏ ਹਫ਼ਤਿਆਂ ਦੀ ਹੋਣੀ ਚਾਹੀਦੀ ਹੈ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

## ਨਿਊਟਨ ਵਿਚ ਹਰਪ੍ਰੀਤ ਕੌਰ ਗਿੱਲ ਦੇ ਕਤਲ ਦੇ ਦੋਸ਼ ਹੇਠ ਪਤੀ ਨਵਿੰਦਰ ਖ਼ਿਲਾਫ਼ ਕਤਲ ਦੇ ਦੋਸ਼ ਆਇਦ

ਸਰੀ-ਨਿਊਟਨ ਵਿਚ 7 ਦਸੰਬਰ ਨੂੰ ਚਾਕੂ ਮਾਰ ਕੇ ਕਤਲ ਕੀਤੀ ਗਈ 40 ਸਾਲਾ ਹਰਪ੍ਰੀਤ ਕੌਰ ਗਿੱਲ ਦੇ ਪਤੀ ਨਵਿੰਦਰ ਸਿੰਘ ਗਿੱਲ (40) 'ਤੇ ਕਤਲ ਦੇ ਦੋਸ਼ ਲਗਾਏ ਗਏ ਹਨ। ਚਾਕੂ ਦੇ ਜ਼ਖ਼ਮਾਂ ਕਾਰਨ ਹਰਪ੍ਰੀਤ ਕੌਰ ਦੀ ਹਸਪਤਾਲ ਵਿਚ ਮੌਤ ਹੋ ਗਈ ਸੀ। 7 ਦਸੰਬਰ ਨੂੰ ਸਰੀ ਆਰਸੀਐਮਪੀ, ਅੱਗ ਬੁਝਾਊ ਅਮਲੇ ਤੇ ਐਂਬੂਲੈਂਸ ਨੂੰ 66 ਐਵੀਨਿਊ ਦੇ 12700 ਬਲਾਕ ਵਿਚ ਰਾਤ 9.22 ਵਜੇ ਚਾਕੂ ਮਾਰਨ ਦੀ ਘਟਨਾ ਦੀ ਰਿਪੋਰਟ ਮਿਲੀ ਸੀ। ਪੁਲਿਸ ਨੇ ਨਵਿੰਦਰ ਗਿੱਲ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ ਜਦਕਿ ਸਰੀ ਆਰਸੀਐਮਪੀ ਅਤੇ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਸਬੂਤ ਇਕੱਤਰ ਕਰਦੀ ਰਹੀ। ਗਿੱਲ ਨੂੰ ਫਿਰ 15 ਦਸੰਬਰ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 16 ਦਸੰਬਰ ਨੂੰ ਉਸ ਦੇ ਖਿਲਾਫ ਦੋਸ਼ ਲਗਾਏ ਗਏ।

## ਡੈਲਟਾ ਪੁਲਿਸ ਅਫਸਰਾਂ ਲਈ ਸਰੀਰ 'ਤੇ ਪਹਿਨੇ ਜਾਣ ਵਾਲੇ ਕੈਮਰਿਆਂ ਦਾ ਪ੍ਰਾਜੈਕਟ ਸ਼ੁਰੂ ਕਰੇਗਾ

ਸਰੀ-ਡੈਲਟਾ ਪੁਲਿਸ ਵਿਭਾਗ ਫਰਵਰੀ ਮਹੀਨੇ ਤੋਂ ਕੁਝ ਫਰੰਟ ਲਾਈਨ ਦੇ ਗਸ਼ਤੀ ਅਫਸਰਾਂ ਸਮੇਤ ਸਰੀਰ 'ਤੇ ਪਹਿਨੇ ਜਾਣ ਵਾਲੇ ਕੈਮਰਿਆਂ ਦੀ ਵਰਤੋਂ ਦਾ ਵਿਸਤਾਰ ਕਰ ਰਿਹਾ ਹੈ। 14 ਦਸੰਬਰ 2022 ਦੀ ਮੀਟਿੰਗ ਵਿਚ ਡੈਲਟਾ ਪੁਲਿਸ ਬੋਰਡ ਨੇ ਡੀਵੀਡੀ ਦੇ ਪੈਟਰੋਲ ਸਰਵਿਸ ਸੈਕਸ਼ਨ ਲਈ ਬਾਡੀ ਵੋਰਨ ਕੈਮਰਾ (ਬੀਡਬਲਯੂਸੀਐਸ) ਦੀ ਪਾਇਲਟ ਤਾਇਨਾਤੀ ਨੂੰ ਮਨਜ਼ੂਰੀ ਦਿੱਤੀ ਸੀ। ਪਾਇਲਟ ਪ੍ਰਾਜੈਕਟ ਜਿਹੜਾ ਫਰਵਰੀ 2023 ਵਿਚ ਸ਼ੁਰੂ ਹੋਣ ਦੀ ਆਸ ਹੈ ਤਹਿਤ ਵਿਭਾਗ ਦੀ ਹਰੇਕ ਚਾਰ ਪਲਟੂਨਜ਼/ਸ਼ਿਫਟ ਦੇ ਦੋ ਅਫਸਰ 6 ਮਹੀਨਿਆਂ ਲਈ ਬਾਡੀ ਵੋਰਨ ਕੈਮਰਿਆਂ ਨਾਲ ਲੈਸ ਕੀਤੇ ਜਾਣਗੇ ਜਿਸ ਪਿੱਛੋਂ ਬੋਰਡ ਪ੍ਰੋਗਰਾਮ ਦੀ ਸਮੀਖਿਆ ਕਰੇਗਾ।

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।
ਸਟਰੋਕ ਦੇ ਲੱਛਣਾਂ ਬਾਰੇ ਸਿੱਖੋ
**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!
ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ
heartandstroke.ca/Punjabi
Heart &Stroke™
With the support of BRITISH COLUMBIA
© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

## ਸਰੀ ਦਾ ਹਾਲੀਵੁੱਡ ਸਿਨੇਮਾ 29 ਦਸੰਬਰ ਤੋ ਬੰਦ

ਸਰੀ-ਆਖਰੀ ਹਫ਼ਤੇ ਫਿਲਮਾਂ ਦਿਖਾਏ ਜਾਣ ਪਿੱਛੋਂ ਨਿਊਟਨ ਵਿਚ ਹਾਲੀਵੁੱਡ 3 ਸਿਨੇਮਾ 29 ਦਸੰਬਰ ਨੂੰ ਬੰਦ ਹੋ ਜਾਵੇਗਾ। ਰਹੀਮ ਮਾਂਜੀ 2008 ਤੋਂ ਇਹ ਥੀਏਟਰ ਚਲਾ ਰਹੇ ਹਨ ਜਦੋਂ ਉਨ੍ਹਾਂ ਦਾ ਪਰਿਵਾਰ ਸਰੀ ਵਿਚ ਆ ਕੇ ਵਸਿਆ ਸੀ। ਮਾਂਜੀ ਦੇ ਪਰਿਵਾਰ ਨੇ ਇਕ ਈਮੇਲ ਵਿਚ ਦੱਸਿਆ ਕਿ ਅਸੀਂ ਇਸ ਪਿੱਛੋਂ ਆਪਣੇ ਦਰਵਾਜੇ ਬੰਦ ਕਰ ਲਵਾਂਗੇ। ਅਸੀਂ ਸਦਾ ਲਈ ਇਥੇ ਮੌਜੂਦ ਰਹਿਣ ਤੇ ਸਾਡੇ ਥੀਏਟਰ ਦੀ ਸਹਾਇਤਾ ਕਰਨ ਲਈ ਤੁਹਾਡਾ ਧੰਨਵਾਦ ਕਰਦੇ ਹਾਂ। ਬਦਕਿਸਮਤੀ ਨਾਲ ਅਸੀਂ ਇਸ ਨੂੰ ਜਾਰੀ ਰੱਖਣ ਦੇ ਸਮਰੱਥ ਨਹੀਂ। ਦਰਵਾਜੇ ਬੰਦ ਕਰਨੇ ਸਾਡੇ ਪਰਿਵਾਰ ਲਈ ਔਖਾ ਫ਼ੈਸਲਾ ਰਿਹਾ ਹੈ ਅਤੇ ਇਹ ਤੁਹਾਡੀ ਮਦਦ ਤੋਂ ਬਿਨ੍ਹਾਂ ਇਨਾ ਲੰਬਾ ਨਹੀਂ ਸੀ ਚੱਲ ਸਕਦਾ। ਮੈਨੇਜਰ ਰਹੀਮ ਮਾਂਜੀ ਨੇ 2008 ਵਿਚ ਇਹ ਸਿਨੇਮਾ ਚਲਾਉਣਾ ਸ਼ੁਰੂ ਕੀਤਾ ਸੀ ਜਦੋਂ ਉਹ ਵੈਨਕੂਵਰ ਆਈਲੈਂਡ ਵਿਚ ਦੋ ਥੀਏਟਰ ਚਲਾਉਣ ਪਿੱਛੋਂ ਆਪਣੇ ਪਰਿਵਾਰ ਨਾਲ ਸਰੀ ਆਇਆ ਸੀ। ਸਾਊਥ ਸਰੀ ਵਿਚ ਪਰਿਵਾਰ ਨੇ ਕਿੰਗ ਜੌਰਜ ਬੁਲੇਵਾਰਡ ਵਿਚ ਕੈਪਰਿਸ ਥੀਏਟਰ ਅਤੇ 152 ਸਟਰੀਟ 'ਤੇ ਰਿਆਲਟੋ ਥੀਏਟਰ ਸਤੰਬਰ 2020 ਤਕ ਚਲਾਇਆ। ਮਾਲਕ ਵਲੋਂ ਇਮਾਰਤ ਦਾ ਕਿਰਾਇਆ 200 ਫ਼ੀਸਦੀ ਵਧਾਉਣ ਪਿੱਛੋਂ ਉਸੇ ਮਹੀਨੇ ਥੀਏਟਰ ਨੂੰ ਬੰਦ ਕਰ ਦਿੱਤਾ ਗਿਆ ਸੀ। ਕੋਵਿਡ-19 ਮਹਾਂਮਾਰੀ ਦੇ ਸਿਖਰ ਦੌਰਾਨ ਮੂਵੀ ਥੀਏਟਰ ਚਲਾਉਣਾ ਬਹੁਤ ਮੁਸ਼ਕਿਲ ਕਾਰੋਬਾਰ ਸੀ ਅਤੇ ਸਮਰੱਥਾ ਪਾਬੰਦੀਆਂ ਪਿੱਛੋਂ ਸਰਕਾਰ ਨੇ ਇਨ੍ਹਾਂ ਨੂੰ ਬੰਦ ਕਰ ਦਿੱਤਾ ਸੀ। ਬੀਸੀ ਵਿਚ 2020 ਵਿਚ ਸਾਰੇ ਸਿਨੇਮਾ ਘਰਾਂ ਨੂੰ ਦੋ ਵਾਰ ਬੰਦ ਕਰਨ ਦਾ ਹੁਕਮ ਦਿੱਤਾ ਗਿਆ ਸੀ।

## ਕੁਕੋਇਟਲਮ ਦੇ ਇਕ ਕਾਰੋਬਾਰੀ ਤੋਂ ਆਰ ਸੀ ਐਮ ਪੀ ਨੇ ਜ਼ਬਤ ਕੀਤੇ ਘਾਤਕ 37 ਹਥਿਆਰ

ਸਰੀ-ਆਰਸੀਐਮਪੀ ਵਲੋਂ ਹਥਿਆਰਾਂ ਦੀ ਤਸਕਰੀ ਦੀ ਕੀਤੀ ਜਾਂਚ ਵਿਚ ਕੋਕੁਇਟਲਮ ਦੇ ਇਕ ਕਾਰੋਬਾਰ ਤੋਂ ਤਿੰਨ ਦਰਜਨ ਤੋਂ ਵੀ ਵੱਧ ਖਤਰਨਾਕ ਹਥਿਆਰ ਤੇ ਲਗਪਗ ਇਕ ਲੱਖ ਤੋਂ ਵੀ ਵੱਧ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਪੁਲਿਸ ਨੇ ਇਸ ਸਾਲ ਦੇ ਸ਼ੁਰੂ ਵਿਚ ਸਰੀ ਵਿਚ ਰਹਿਣ ਵਾਲੇ ਵਿਅਕਤੀ ਖਿਲਾਫ ਜਾਂਚ ਸ਼ੁਰੂ ਕੀਤੀ ਸੀ। ਪੁਲਿਸ ਨੇ ਵਿਅਕਤੀ ਦੀ ਪਛਾਣ ਨਹੀਂ ਦੱਸੀ ਕਿਉਂਕਿ ਉਸ ਦੇ ਵਿਵਹਾਰ ਜਾਂ ਸੰਗਠਿਤ ਅਪਰਾਧ ਨਾਲ ਸਬੰਧ ਹੋਣ ਕਾਰਨ ਉਸ ਨੂੰ ਜਨਤਕ ਸੁਰੱਖਿਆ ਲਈ ਖ਼ਤਰਾ ਸਮਝਿਆ ਜਾਂਦਾ ਹੈ। ਇਸ ਸ਼ੱਕੀ ਦੇ ਕਿਸੇ ਗੈਂਗ ਨਾਲ ਸਬੰਧ ਤਾਂ ਨਹੀਂ ਪਰ ਆਰਸੀਐਮਪੀ ਨੇ ਦੋਸ਼ ਲਗਾਇਆ ਕਿ ਉਸ ਨੇ ਅੰਨ੍ਹੇਵਾਹ ਹਥਿਆਰਾਂ ਦੀ ਵਿਕਰੀ ਕੀਤੀ ਅਤੇ ਜਦੋਂ ਉਸ ਨੂੰ ਪੁੱਛਿਆ ਕਿ ਉਸ ਨੇ ਕਿਸ ਨੂੰ ਅਗਨੀ ਸ਼ਾਸਤਰ ਵੇਚੇ ਹਨ ਤਾਂ ਉਸ ਨੇ ਕੋਈ ਸਮਝਦਾਰੀ ਵਾਲੀ ਗੱਲ ਨਹੀਂ ਆਖੀ। ਕੋਕੁਇਟਲਮ ਵਿਚ 1300 ਬਲਾਕ ਕੇਚ ਕੋਰਟ ਵਿਚ ਇਕ ਕਾਰੋਬਾਰ 'ਤੇ ਵਾਰੰਟ ਦੀ ਤਾਮੀਲ ਕਰਨ ਪਿੱਛੋਂ ਪੁਲਿਸ ਨੇ ਇਕ ਦਸੰਬਰ ਨੂੰ 45 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਸੀ। ਤਲਾਸ਼ੀ ਦੌਰਾਨ ਪੁਲਿਸ ਨੂੰ 37 ਅਗਨੀ ਸ਼ਾਸਤਰ ਮਿਲੇ ਜਿਨ੍ਹਾਂ ਵਿਚ ਦੋ 3ਡੀ ਪ੍ਰਿੰਟਿਡ ਗਲੋਕ ਘੋਸਟ ਗਨਜ਼, 26 ਕਾਰਬਾਈਨ/ਅਸਾਲਟ ਸ਼ੈਲੀ ਦੀਆਂ ਰਾਈਫਲਾਂ, 6 ਸ਼ਿਕਾਰ ਕਰਨ ਵਾਲੀਆਂ ਰਾਈਫਲਾਂ, ਦੋ ਸ਼ਾਟਗਨਜ਼ ਅਤੇ ਇਕ ਪਿਸਤੌਲ ਸ਼ਾਮਿਲ ਹੈ।

# ਅੱਠ ਅੱਲੜ ਕੁੜੀਆਂ ਵਲੋਂ 59 ਸਾਲਾ ਵਿਅਕਤੀ ਦਾ ਚਾਕੂਆਂ ਨਾਲ ਕਤਲ

ਟੋਰਾਂਟੋ-ਸ਼ਹਿਰ ਦੇ ਡਾਊਨਟਾਊਨ ਵਿੱਚ 59 ਸਾਲਾ ਵਿਅਕਤੀ ਨੂੰ ਚਾਕੂ ਮਾਰਨ ਦੇ ਮਾਮਲੇ ਵਿੱਚ ਟੋਰਾਂਟੋ ਪੁਲਿਸ ਵੱਲੋਂ 16 ਸਾਲ ਤੇ ਇਸ ਤੋਂ ਵੀ ਘੱਟ ਉਮਰ ਦੀਆਂ ਅੱਠ ਲੜਕੀਆਂ ਖਿਲਾਫ ਸੈਕਿੰਡ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਜਾਂਚ ਅਧਿਕਾਰੀਆਂ ਵਲੋਂ ਇਹ ਦੋਸ਼ ਲਗਾਉਣ ਦਾ ਐਲਾਨ ਮੰਗਲਵਾਰ ਦੁਪਹਿਰ ਨੂੰ ਟੋਰਾਂਟੋ ਪੁਲਿਸ ਹੈੱਡਕੁਆਰਟਰ ਵਿਖੇ ਰੱਖੀ ਗਈ ਪ੍ਰੈਸ ਕਾਨਫਰੰਸ ਵਿੱਚ ਕੀਤਾ ਗਿਆ। ਟੋਰਾਂਟੋ ਪੁਲਿਸ ਦੀ ਹੋਮੀਸਾਈਡ ਸਕੁਐਡ ਡਿਪਾਰਟਮੈਂਟ ਸਾਰਜੈਂਟ ਟੈਰੀ ਬ੍ਰਾਊਨ ਨੇ ਦੱਸਿਆ ਕਿ ਐਤਵਾਰ ਰਾਤ ਨੂੰ 12:15 ਵਜੇ ਕਈ ਲੋਕਾਂ ਵੱਲੋਂ ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੂੰ ਯੌਰਕ ਸਟਰੀਟ, ਯੂਨੀਵਰਸਿਟੀ ਐਵਨਿਊ ਤੇ ਫਰੰਟ ਸਟਰੀਟ ਵੈਸਟ ਦੇ ਵਿਚਕਾਰ ਸੱਦਿਆ ਗਿਆ। ਉਨ੍ਹਾਂ ਦੱਸਿਆ ਕਿ ਪੈਰਾਮੈਡਿਕਸ ਨੇ ਦੱਸਿਆ ਕਿ ਕਿਸੇ ਉੱਤੇ ਇੱਥੇ ਹਮਲਾ ਕੀਤਾ ਗਿਆ ਹੈ। ਬ੍ਰਾਊਨ ਨੇ ਦੱਸਿਆ ਕਿ ਜਿਨ੍ਹਾਂ ਲੜਕੀਆਂ 'ਤੇ ਦੋਸ਼ ਲਗਾਏ ਗਏ ਹਨ ਉਨ੍ਹਾਂ ਵਿੱਚੋਂ ਤਿੰਨ ਦਾ ਪਹਿਲਾਂ ਵੀ ਪੁਲਿਸ ਨਾਲ ਟਾਕਰਾ ਹੋ ਚੁੱਕਾ ਹੈ ਜਦਕਿ ਬਾਕੀ ਪੰਜਾਂ ਨਾਲ ਪਹਿਲਾਂ ਅਜਿਹਾ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ 3 ਕੁੜੀਆਂ 13 ਸਾਲ, ਤਿੰਨ 14 ਸਾਲ ਅਤੇ ਦੋ 16 ਸਾਲਾਂ ਦੀਆਂ ਹਨ। 13 ਤੋਂ 16 ਸਾਲਾਂ ਦੀਆਂ ਇਹ ਲੜਕੀਆਂ ਸੋਸ਼ਲ ਮੀਡੀਆ ਉੱਤੇ ਇੱਕ ਦੂਜੇ ਨੂੰ




ਮਿਲੀਆਂ ਤੇ ਫਿਰ ਸਨਿੱਚਰਵਾਰ ਰਾਤ ਨੂੰ ਇਹ ਸ਼ਹਿਰ ਦੇ ਡਾਊਨਟਾਊਨ ਵਿੱਚ ਇੱਕਠੀਆਂ ਹੋਈਆਂ। ਇੱਥੇ ਉਹ ਦੋ ਲੜਾਈਆਂ ਵਿੱਚ ਵੀ ਸ਼ਾਮਿਲ ਸਨ। ਪੈਰਾਮੈਡਿਕਸ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲੈ ਕੇ ਜਾ ਰਹੇ ਸਨ ਪਰ ਕੁੱਝ ਸਮੇਂ ਬਾਅਦ ਹੀ ਉਸ ਨੇ ਦਮ ਤੋੜ ਦਿੱਤਾ। ਇਸ ਵਿਅਕਤੀ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਇਸ ਵਿਅਕਤੀ ਵੱਲੋਂ ਪਿੱਛੇ ਜਿਹੇ ਹੀ ਟੋਰਾਂਟੋ ਦੇ ਸ਼ੈਲਟਰ ਸਿਸਟਮ ਤੱਕ ਪਹੁੰਚ ਕੀਤੀ ਗਈ ਸੀ ਤੇ ਇਲਾਕੇ ਵਿੱਚ ਉਸ ਦੀ ਮਦਦ ਕਰਨ ਵਾਲਾ ਪਰਿਵਾਰ ਵੀ ਮੌਜੂਦ ਸੀ। ਉਨ੍ਹਾਂ ਦੱਸਿਆ ਕਿ ਸਾਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਉਹ ਕਿਵੇਂ ਜਾਂ ਕਿਉਂ ਸ਼ਾਮ ਨੂੰ ਇਕੱਤਰ ਹੋਈਆਂ ਅਤੇ ਇਕੱਠੇ ਹੋਣ ਲਈ ਡਾਊਨਟਾਊਨ ਦੀ ਚੋਣ ਕਿਉਂ ਕੀਤੀ। ਸਾਨੂੰ ਇਸ ਗੱਲ ਦੀ ਵੀ ਜਾਣਕਾਰੀ ਨਹੀਂ ਕਿ ਉਹ ਇਕ ਦੂਸਰੀ ਨੂੰ ਕਦੋਂ ਤੋਂ ਜਾਣਦੀਆਂ ਸਨ ਅਤੇ ਇਸ ਸਮੇਂ ਉਹ ਉਨ੍ਹਾਂ ਨੂੰ ਗੈਂਗ ਵੀ ਨਹੀਂ ਕਹਿ ਸਕਦਾ। ਲੜਕੀਆਂ ਨੂੰ 52ਵੀਂ ਡਵੀਜਨ ਦੇ ਅਧਿਕਾਰੀਆਂ ਵੱਲੋਂ ਮੌਕਾ ਏ ਵਾਰਦਾਤ ਦੇ ਕੋਲੋਂ ਹੀ ਗ੍ਰਿਫਤਾਰ ਕੀਤਾ ਗਿਆ ਤੇ ਪੁਲਿਸ ਨੂੰ ਹਥਿਆਰ ਵੀ ਮਿਲ ਗਏ ਪਰ ਇਹ ਜਾਣਕਾਰੀ ਨਹੀਂ ਦਿੱਤੀ ਕਿ ਇਹ ਹਥਿਆਰ ਕੀ ਹਨ। ਸਾਰੀਆਂ ਕਥਿਤ ਦੋਸ਼ੀ ਲੜਕੀਆਂ ਐਤਵਾਰ ਸਵੇਰੇ ਅਦਾਲਤ ਵਿਚ ਪੇਸ਼ ਹੋਈਆਂ ਅਤੇ ਹੁਣ ਉਹ ਅਗਲੇ ਹਫ਼ਤੇ ਅਦਾਲਤ ਵਿਚ ਪੇਸ਼ ਹੋਣਗੀਆਂ।

# ਐਚ ਐਂਡ ਐਮ ਨੇ ਜਸਟਿਨ ਬੀਬਰ ਕੁਲੈਕਸ਼ਨ ਦੀ ਵਿਕਰੀ ਰੋਕੀ

ਲੰਡਨ-ਗਾਇਕ ਜਸਟਿਨ ਬੀਬਰ ਵਲੋਂ ਰਿਟੇਲਰ 'ਤੇ ਉਸ ਦੀ ਸਹਿਮਤੀ ਬਿਨ੍ਹਾਂ ਉਸ ਨੂੰ ਦਰਸਾਉਣ ਵਾਲੇ ਕੱਪੜਿਆਂ ਦੀ ਵਿਕਰੀ ਦਾ ਦੋਸ਼ ਲਗਾਉਣ ਪਿੱਛੋਂ ਐਚ ਐਂਡ ਐਮ ਨੇ ਆਪਣੀ ਜਸਟਿਨ ਬੀਬਰ ਕੁਲੈਕਸ਼ਨ ਦੀ ਵਿਕਰੀ ਰੋਕ ਦਿੱਤੀ ਹੈ। ਇਕ ਬੁਲਾਰੇ ਨੇ ਬਿਆਨ ਵਿਚ ਦੱਸਿਆ ਕਿ ਐਚ ਐਂਡ ਐਮ ਨੇ ਸਾਰੀਆਂ ਉਚਿੱਤ ਪ੍ਰਵਾਨਗੀ ਤਰੀਕਿਆਂ ਦੀ ਪਾਲਣਾ ਕੀਤੀ ਹੈ ਪਰ ਸਹਿਯੋਗ ਤੇ ਜਸਟਿਨ ਬੀਬਰ ਦੇ ਸਨਮਾਨ ਵਿਚ ਅਸੀਂ ਕੱਪੜਿਆਂ ਨੂੰ ਸਟੋਰਾਂ ਤੋਂ ਹਟਾ ਦਿੱਤਾ ਹੈ। ਗਾਇਕ ਦੇ ਗੁੱਸੇ ਦਾ ਕਾਰਨ ਵਾਲੇ ਕੱਪੜਿਆਂ ਵਿਚ ਸਵੈਟ ਸ਼ਰਟਸ, ਟੀ ਸ਼ਰਟਸ ਅਤੇ ਹੁੱਡੀਜ਼



ਸ਼ਾਮਿਲ ਸੀ ਜਿਨ੍ਹਾਂ ਵਿਚ ਬੀਬਰ ਦੀ ਸਮਾਨਤਾ, ਬੋਲ ਤੇ ਬ੍ਰਾਂਡਿੰਗ ਸ਼ਾਮਿਲ ਸੀ। ਐਚ ਐਂਡ ਐਮ ਨੇ ਉਤਪਾਦਾਂ ਨੂੰ ਵਾਪਸ ਲੈਣ ਦੇ ਆਪਣੇ ਫ਼ੈਸਲੇ ਦੇ ਵਿੱਤੀ ਪ੍ਰਭਾਵ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾਂ ਇਹ ਵੀ ਜਾਣਕਾਰੀ ਨਹੀਂ ਦਿੱਤੀ ਕਿ ਉਸ ਕੋਲ ਕਿੰਨ ਸਟਾਕ ਪਿਆ ਹੈ। ਪਿਛਲੇ ਸਾਲਾਂ ਵਿਚ ਰਿਟੇਲਰ ਨੇ ਕਈ ਵਾਰ ਬੀਬਰ ਦੇ ਸੰਗੀਤ ਸਮਾਰੋਹ ਟੂਰ ਦੇ ਮਾਲ ਨੂੰ ਵੇਚਿਆ ਹੈ। ਬੀਬਰ ਨੇ ਇੰਸਟਾਗ੍ਰਾਮ 'ਤੇ ਕਿਹਾ ਕਿ ਵਪਾਰ ਰੱਦੀ ਹੈ ਅਤੇ ਕਿਹਾ ਕਿ ਉਸ ਨੇ ਇਸ ਦੀ ਪ੍ਰਵਾਨਗੀ ਨਹੀਂ ਦਿੱਤੀ ਅਤੇ ਆਪਣੇ ਫੌਲੋਅਰਜ਼ ਨੂੰ ਕਿਹਾ ਕਿ ਉਹ ਇਸ ਦੀ ਖਰੀਦ ਕਰਨ ਤੋਂ ਗੁਰੇਜ਼ ਕਰਨ।

## ਮਿੰਨੀਵੈਨ ਵਲੋਂ ਟੱਕਰ ਮਾਰਨ ਨਾਲ 60 ਸਾਲਾ ਔਰਤ ਦੀ ਮੌਤ

ਸਰੀ-ਵੈਲ੍ਹੀ ਵਿਚ ਪਿਛਲੇ ਦਿਨੀ ਇਕ ਮਿੰਨੀਵੈਨ ਨੇ ਪੈਦਲ ਜਾ ਰਹੀ 60 ਸਾਲਾ ਔਰਤ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਉਸ ਦੀ ਮੌਤ ਹੋ ਗਈ ਅਤੇ ਪੁਲਿਸ ਨੇ ਸ਼ੱਕੀ ਦੀ ਪਛਾਣ ਕਰ ਲਈ ਹੈ। ਦੁਰਘਟਨਾ ਓਲਡ ਯੇਲ ਰੋਡ 'ਤੇ ਵਾਪਰੀ। ਮੋਟਰ ਗੱਡੀ ਜਿਸ ਨੂੰ ਪੁਲਿਸ ਪੁਦੀਨ ਹਰੇ ਰੰਗ ਦੀ ਡੌਜ ਕਾਰਵੈਨ ਆਖਿਆ ਨੂੰ ਆਖਰੀ ਵਾਰ 133 ਸਟ੍ਰੀਟ ਚੌਰਾਹੇ ਤੋਂ ਓਲਡ ਯਾਲੇ ਰੋਡ 'ਤੇ ਪੱਛਮ ਵੱਲ ਜਾਂਦੇ ਹੋਏ ਦੇਖਿਆ ਸੀ। ਸਰੀ ਆਰਸੀਐਮਪੀ ਨੇ ਦੱਸਿਆ ਕਿ ਸ਼ੱਕੀ ਦੀ ਪਛਾਣ ਕਰ ਲਈ ਹੈ ਅਤੇ ਪੁਲਿਸ ਨੇ ਸ਼ੱਕੀ ਦੀ ਮੋਟਰ ਗੱਡੀ ਕਬਜ਼ੇ ਵਿਚ ਲੈ ਲਈ ਹੈ। ਅਜੇ ਤੱਕ ਦੋਸ਼ ਨਹੀਂ ਲਗਾਏ ਗਏ ਕਿਉਂਕਿ ਅਜੇ ਜਾਂਚ ਚੱਲ ਰਹੀ ਹੈ। ਇਕ ਹਫ਼ਤੇ ਵਿਚ ਸਰੀ ਵਿਚ ਕਿਸੇ ਪੈਦਲ ਯਾਤਰੀ ਦੀ ਇਹ ਦੂਸਰੀ ਮੌਤ ਹੈ। ਫਲੀਟਵੁੱਡ ਵਿਚ 168 ਸਟਰੀਟ ਦੇ 8200 ਬਲਾਕ ਵਿਚ 18 ਦਸੰਬਰ ਨੂੰ ਇਕ ਮੋਟਰ ਗੱਡੀ ਦੇ ਟੱਕਰ ਮਾਰਨ ਕਾਰਨ 23 ਸਾਲਾ ਨੌਜਵਾਨ ਦੀ ਮੌਤ ਹੋ ਗਈ ਸੀ। ਸਰੀ ਵਿਚ 2022 ਵਿਚ ਹੁਣ ਤਕ 8 ਪੈਦਲ ਯਾਤਰੀਆਂ ਦੀ ਦੁਰਘਟਨਾਵਾਂ ਵਿਚ ਮੌਤ ਹੋ ਚੁੱਕੀ ਹੈ। ਬੀਸੀ ਕੌਰੋਨਰ ਸਰਵਿਸ ਦੀ ਰਿਪੋਰਟ ਮੁਤਾਬਿਕ 2012-2021 ਵਿਚਕਾਰ 77 ਪੈਦਲ ਯਾਤਰੀ ਮਾਰੇ ਗਏ ਹਨ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਸਿੱਧੂ ਮੂਸੇਵਾਲਾ ਦੇ ਘਰ ਰਾਤ ਗੁਜ਼ਾਰੀ-ਪੰਜਾਬ ਪੁਲਿਸ ਮੂਸੇਵਾਲਾ ਵਿਚ ਹੀ ਸੰਮਨ ਸੌਂਪੇ

ਮਾਨਸਾ-ਪੰਜਾਬ ਵਿਧਾਨ ਸਭਾ ਚੋਣਾਂ ਮਗਰੋਂ ਸੂਬੇ ਦੀ ਸਰਗਰਮ ਸਿਆਸਤ ਤੋਂ ਦੂਰ ਵਿਦੇਸ਼ ਚਲੇ ਗਏ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇਰ ਰਾਤ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਪੁੱਜੇ। ਉਨ੍ਹਾਂ ਮੂਸੇਵਾਲਾ ਦੀ ਹਵੇਲੀ 'ਚ ਹੀ ਪਰਿਵਾਰ ਨਾਲ ਰਾਤ ਗੁਜ਼ਾਰੀ ਅਤੇ ਪੰਜਾਬੀ ਗਾਇਕ ਦੇ ਕਤਲ ਲਈ ਵਿੱਢੀ ਹੋਈ ਇਨਸਾਫ਼ ਦੀ ਜੰਗ ਸਬੰਧੀ ਗੱਲਬਾਤ ਕੀਤੀ। ਉਹ ਮੰਗਲਵਾਰ ਨੂੰ ਰਾਜਸਥਾਨ ਵਿੱਚ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿਚ ਸ਼ਾਮਲ ਹੋਣ ਤੋਂ ਬਾਅਦ ਸਿੱਧੇ ਪਿੰਡ ਮੂਸਾ ਹੀ ਆਏ ਸਨ ਅਤੇ ਰਸਤੇ ਵਿਚ ਧੁੰਦ ਹੋਣ ਕਾਰਨ ਜ਼ਿਆਦਾ ਲੇਟ ਹੋਣ ਕਰਕੇ ਪਿੰਡ ਮੂਸਾ ਵਿੱਚ ਹੀ ਵਿੱਚ ਰੁਕ ਗਏ। ਉਨ੍ਹਾਂ ਨੇ ਆਪਣੀ ਪੰਜਾਬ ਫੇਰੀ ਮੂਸੇਵਾਲਾ ਦੇ ਘਰ ਤੋਂ ਆਰੰਭ ਕੀਤੀ ਗਈ ਹੈ। ਉਨ੍ਹਾਂ ਨੇ ਕੁੱਝ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਵਿਦੇਸ਼ ਫੇਰੀ ਤੋਂ ਬਾਅਦ ਇਥੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਏ ਹਨ। ਉਨ੍ਹਾਂ ਕਿਹਾ ਕਿ ਉਹ ਸਿੱਧੂ ਮੂਸੇਵਾਲਾ ਦੇ ਪਰਿਵਾਰ ਵੱਲੋਂ ਆਰੰਭੀ ਇਨਸਾਫ਼ ਦੀ ਜੰਗ 'ਚ ਸ਼ਾਮਲ ਹੋ ਕੇ ਮਰਹੂਮ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਅਤੇ ਪਰਿਵਾਰ ਨੂੰ ਨਿਆਂ ਦਿਵਾਉਣਗੇ।

### ਚੰਨੀ ਨੂੰ ਸੰਮਨ ਸੌਂਪੇ

ਇਸ ਮੌਕੇ ਸ੍ਰੀ ਚੰਨੀ ਨੇ ਕਿਹਾ ਕਿ ਮਾਨਸਾ ਪੁਲੀਸ ਉਨ੍ਹਾਂ ਨੂੰ ਇਥੇ ਆਉਣ ਤੋਂ ਰੋਕਣ ਲਈ ਲਈ ਲੰਘੀ ਦੇਰ ਸ਼ਾਮ ਤੋਂ ਹੀ ਫੋਨ ਰਾਹੀਂ ਸੁਨੇਹੇ ਦਿੰਦੀ ਰਹੀ ਕਿ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੋਇਆ ਹੈ, ਜਿਸ ਕਰਕੇ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਦੀ ਚਿਤਾਵਨੀ ਦੇ ਬਾਵਜੂਦ ਉਹ ਇੱਥੇ ਆਏ ਹਨ। ਉਨ੍ਹਾਂ ਦੱਸਿਆ ਕਿ ਪੁਲੀਸ ਵਲੋਂ ਉਨ੍ਹਾਂ ਵਿਰੁੱਧ ਸਿੱਧੂ ਮੂਸੇਵਾਲਾ ਦੀ ਵਿਧਾਨ ਸਭਾ ਚੋਣ ਵੇਲੇ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਸ਼ਿਕਾਇਤ 'ਤੇ ਪਰਚਾ ਦਰਜ ਕਰ ਦਿੱਤਾ ਗਿਆ ਸੀ। ਇਸੇ ਦੌਰਾਨ ਮਾਨਸਾ ਦੀ ਇੱਕ ਅਦਾਲਤ ਵੱਲੋਂ ਪੰਜਾਬ ਪੁਲੀਸ ਰਾਹੀਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸੰਮਨ ਸੌਂਪੇ ਗਏ ਹਨ। ਪੁਲੀਸ ਵਲੋਂ ਚੰਨੀ ਨੂੰ ਇਹ ਸੰਮਨ ਮਾਨਸਾ ਦੇ ਡੀਐੱਸਪੀ ਸੰਜੀਵ ਗੋਇਲ ਨੇ ਅੱਜ ਮੂਸੇਵਾਲਾ ਦੇ ਘਰ ਜਾ ਕੇ ਸੌਂਪੇ।






# ਇਨਕਮ ਟੈਕਸ ਵਿਭਾਗ ਵਲੋਂ ਗਾਇਕ ਕੰਵਰ ਗਰੇਵਾਲ ਤੇ ਰਣਜੀਤ ਬਾਵਾ ਦੇ ਘਰਾਂ ਉਪਰ ਛਾਪੇਮਾਰੀ

ਚੰਡੀਗੜ੍ਹ-ਇਨਕਮ ਟੈਕਸ ਵਿਭਾਗ (ਆਈਟੀ) ਦੀਆਂ ਵੱਖ-ਵੱਖ ਟੀਮਾਂ ਨੇ ਅੱਜ ਮੁਹਾਲੀ ਵਿੱਚ ਰਹਿੰਦੇ ਪੰਜਾਬੀ ਗਾਇਕ ਕੰਵਰ ਗਰੇਵਾਲ ਅਤੇ ਰਣਜੀਤ ਬਾਵਾ ਦੇ ਘਰਾਂ 'ਤੇ ਛਾਪੇ ਮਾਰੇ ਕੀਤੀ। ਕੇਂਦਰੀ ਟੀਮ ਨੇ ਕੰਵਰ ਗਰੇਵਾਲ ਦੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਮਹਿਮਾ ਸਵਾਈ ਵਿਚਲੇ ਘਰ 'ਤੇ ਵੀ ਛਾਪਾ ਮਾਰਿਆ। ਪ੍ਰਾਪਤ ਜਾਣਕਾਰੀ ਇਨਕਮ ਟੈਕਸ ਵਿਭਾਗ ਦੀ ਟੀਮ ਨੇ ਕੰਵਰ ਗਰੇਵਾਲ ਦੇ ਮੁਹਾਲੀ ਦੇ ਸੈਕਟਰ-104 ਵਿਚਲੇ ਤਾਜ ਟਾਵਰ ਸਥਿਤ ਰਿਹਾਇਸ਼ 'ਤੇ ਛਾਪਾ ਮਾਰਿਆ। ਇਸ ਦੌਰਾਨ ਮੁਹਾਲੀ ਪੁਲੀਸ ਸਮੇਤ ਸੀਆਰਪੀਐੱਫ਼ ਦੇ ਜਵਾਨ ਵੀ ਤਾਇਨਾਤ ਰਹੇ। ਅਧਿਕਾਰੀਆਂ ਨੇ ਕੰਵਰ ਗਰੇਵਾਲ ਤੋਂ ਪੁੱਛ-ਪੜਤਾਲ ਕੀਤੀ। ਕਾਰਵਾਈ ਕਾਫ਼ੀ ਸਮੇਂ ਤੱਕ ਜਾਰੀ ਰਹੀ ਪਰ ਕੋਈ ਵੀ ਅਧਿਕਾਰੀ ਮੀਡੀਆ ਨੂੰ ਜਾਣਕਾਰੀ ਦੇਣ ਲਈ ਤਿਆਰ ਨਹੀਂ ਹੋਇਆ। ਉਧਰ ਸੂਤਰਾਂ ਦੀ ਜਾਣਕਾਰੀ ਅਨੁਸਾਰ ਗਾਇਕ ਕੋਲੋਂ ਗੈਂਗਸਟਰਾਂ ਦੇ ਪੰਜਾਬੀ ਸੰਗੀਤ ਇੰਡਸਟਰੀਜ਼ ਵਿੱਚ ਦਖ਼ਲ ਅਤੇ ਕੁਝ ਗਾਇਕਾਂ ਨਾਲ ਕਥਿਤ ਸਬੰਧਾਂ ਬਾਰੇ ਉਨ੍ਹਾਂ ਨੂੰ ਮਿਲਦੀਆਂ ਧਮਕੀਆਂ ਬਾਰੇ ਸਵਾਲ ਕੀਤੇ ਗਏ। ਇਸੇ ਤਰ੍ਹਾਂ ਕੇਂਦਰੀ ਟੀਮ ਨੇ ਇੱਥੋਂ ਦੇ ਸੈਕਟਰ-69 ਵਿੱਚ ਰਹਿੰਦੇ ਰਣਜੀਤ ਬਾਵਾ ਦੇ ਘਰ ਦੀ ਛਾਣਬੀਣ ਕੀਤੀ ਗਈ। ਸੂਤਰਾਂ ਦੀ ਜਾਣਕਾਰੀ ਅਨੁਸਾਰ ਇਨਕਮ ਟੈਕਸ ਵਿਭਾਗ ਨੇ ਜਦੋਂ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਤਾਂ ਉਸ ਸਮੇਂ ਰਣਜੀਤ ਬਾਵਾ ਘਰ ਵਿੱਚ ਮੌਜੂਦ ਨਹੀਂ ਸੀ। ਦੂਜੇ ਪਾਸੇ ਆਮਦਨ ਕਰ ਵਿਭਾਗ ਦੀ ਟੀਮ ਨੇ ਪੰਜਾਬੀ ਗਾਇਕ ਕੰਵਰ ਗਰੇਵਾਲ ਦੇ ਪਿੰਡ ਮਹਿਮਾ ਸਵਾਈ (ਬਠਿੰਡਾ)




ਵਿਚਲੇ ਘਰ 'ਚ ਛਾਪਾ ਮਾਰਿਆ। ਆਈਟੀ ਵਿਭਾਗ ਦੀ ਟੀਮ ਦੀ ਅਗਵਾਈ ਜੀਡੀ ਅਨੁਭਵ ਅਗਨੀਹੋਤਰੀ ਕਰ ਰਹੇ ਹਨ। ਸਵੇਰੇ 8.30 ਵਜੇ ਪਿੰਡ ਮਹਿਮਾ ਸਵਾਈ ਪਹੁੰਚੀ ਕੇਂਦਰੀ ਟੀਮ ਨਾਲ ਵੱਡੀ ਗਿਣਤੀ 'ਚ ਸੁਰੱਖਿਆ ਮੁਲਾਜ਼ਮ ਵੀ ਸਨ। ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਟੀਮ ਨੇ ਗਾਇਕ ਦੇ ਪਿਤਾ ਬੇਅੰਤ ਸਿੰਘ ਗਰੇਵਾਲ ਤੋਂ ਤਕਰੀਬਨ 10 ਘੰਟੇ ਤੋਂ ਵੱਧ ਸਮਾਂ ਪੁੱਛ ਪੜਤਾਲ ਕੀਤੀ ਅਤੇ ਘਰ ਦੀ ਤਲਾਸ਼ੀ ਲਈ। ਇਸ ਮੌਕੇ ਪਿੰਡ ਦੇ ਸਰਪੰਚ ਜਸਵੰਤ ਸਿੰਘ ਬਰਾੜ ਵੀ ਮੌਜੂਦ ਰਹੇ।




# NAIYA GILL
## PROFESSIONAL LAW CORPORATION

*"Each Client Matters"*



- Buying, Selling & Refinance of Real Estate (Residential & Commercial)
- Estate Planning
- Wills, Estates
- Representation Agreements
- Legal Aid · Immigration
- Commercial Lease
- Incorporation of Business
- Corporate Maintenance
- Buying or Selling a Business
- Family Law
- Sponsorship Letters
- Notary
- Power of Attorney

- ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
- ਜਾਇਦਾਦ ਦੀ ਪਲੈਨਿੰਗ
- ਵਸੀਅਤ, ਜਾਇਦਾਦ
- ਰਿਪ੍ਰੈਜ਼ੰਨਟੇਸ਼ਨ ਸਮਝੌਤੇ
- ਕਾਨੂੰਨੀ ਸਹਾਇਤਾ
- ਇਮੀਗ੍ਰੇਸ਼ਨ · ਵਪਾਰਕ ਲੀਜ਼
- ਇਨਕਾਰਪੋਰਸ਼ਨ
- ਕਾਰਪੋਰੇਟ ਮੇਨਟੇਨੈਂਸ
- ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
- ਫੈਮਿਲੀ ਲਾਅ
- ਸਪਾਂਸਰਸ਼ਿਪ ਲੈਟਰਜ਼
- ਨੌਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.

604.771.3089

info@ngplc.ca www.ngplc.ca

# ਨਾਮਧਾਰੀ ਸੰਪਰਦਾ ਮੁਖੀ ਠਾਕੁਰ ਦਲੀਪ ਸਿੰਘ ਨਾਮਵਰ ਵਿਦਵਾਨ ਜੈਤੇਗ ਸਿੰਘ ਅਨੰਤ ਦੀ ਖ਼ਬਰਸਾਰ ਲਈ ਸਰੀ ਪੁੱਜੇ

## ਗੁਰਸਿੱਖੀ ਅਤੇ ਸੇਵਾ ਭਾਵਨਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ





ਸਰੀ (ਹਰਦਮ ਮਾਨ)-ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਬੀਤੀ ਸ਼ਾਮ ਨਾਮਵਰ ਸਿੱਖ ਵਿਦਵਾਨ ਅਤੇ ਚਿੰਤਕ ਜੈਤੇਗ ਸਿੰਘ ਅਨੰਤ ਦੀ ਸਿਹਤਯਾਬੀ ਦਾ ਪਤਾ ਲੈਣ ਲਈ ਸਰੀ ਵਿਖੇ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਪੁੱਜੇ। ਉਨ੍ਹਾਂ ਦੀ ਆਮਦ ਤੇ ਜੈਤੇਗ ਸਿੰਘ ਅਨੰਤ, ਸੁਰਿੰਦਰ ਸਿੰਘ ਜੱਬਲ, ਚਰਨਜੀਤ ਸਿੰਘ ਮਰਵਾਹਾ ਅਤੇ ਜਰਨੈਲ ਸਿੰਘ ਸਿੱਧੂ ਵੱਲੋਂ ਉਨ੍ਹਾਂ ਦਾ ਹਾਰਦਿਕ ਸਵਾਗਤ ਕੀਤਾ ਗਿਆ। ਜੈਤੇਗ ਸਿੰਘ ਅਨੰਤ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਨਾਲ ਆਪਣੀ ਪੁਰਾਣੀ ਦੋਸਤੀ, ਮੇਲ ਮਿਲਾਪ ਅਤੇ ਅਦਬੀ ਤੇ ਫੋਟੋਗ੍ਰਾਫੀ ਸਾਂਝ ਬਾਰੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਠਾਕੁਰ ਦਲੀਪ ਸਿੰਘ ਦੇ ਦਿਲ ਵਿਚ ਸਿੱਖੀ ਪ੍ਰਤੀ ਜੋ ਦਰਦ ਹੈ ਉਹ ਹੋਰ ਕਿਸੇ ਸੰਪਰਦਾਏ ਵਿਚ ਦੇਖਣ ਨੂੰ ਨਹੀਂ ਮਿਲਿਆ। ਉਹ ਗੁਰੂ ਘਰ ਵਿਚ ਜਾ ਕੇ ਜੁੱਤੀਆਂ ਸਾਫ ਕਰਨ ਦੀ ਸੇਵਾ ਕਰਦੇ ਹਨ, ਲੰਗਰ ਦੀ ਸੇਵਾ ਕਰਦੇ ਹਨ, ਨਗਰ ਕੀਰਤਨਾਂ ਵਿਚ ਆਪਣੀ ਹਾਜ਼ਰੀ ਲਵਾਉਂਦੇ ਹਨ। ਇਨ੍ਹਾਂ ਦੀ ਗੁਰਬਾਣੀ ਅਤੇ ਕੁਦਰਤ ਨਾਲ ਸੰਬੰਧਤ ਕਲਾਸੀਕਲ ਫੋਟੋਗ੍ਰਾਫੀ ਦੀ ਇਕ ਸਚਿੱਤਰ ਪੁਸਤਕ ਪ੍ਰਕਾਸ਼ਿਤ ਹੋ ਚੁੱਕੀ ਹੈ ਜਿਸ ਤੋਂ ਇਨ੍ਹਾਂ ਦਾ ਬਾਣੀ ਪ੍ਰਤੀ ਨਿਵੇਕਲਾ ਸਨੇਹ, ਪਿਆਰ, ਦਰਦ ਸਾਫ ਝਲਕਦਾ ਹੈ। ਸ. ਅਨੰਤ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਚੰਡੀਗੜ੍ਹ ਵਿਖੇ ਠਾਕੁਰ ਦਲੀਪ ਸਿੰਘ ਦੀ ਪਹਿਲੀ ਫੋਟੋ ਪ੍ਰਦਰਸ਼ਨੀ ਲਾਉਣ ਦਾ ਪ੍ਰਬੰਧ ਕੀਤਾ ਸੀ ਅਤੇ ਇਸ ਨੁਮਾਇਸ਼ ਦਾ ਉਦਘਾਟਨ ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਨੇ ਕੀਤਾ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਗਿੱਲ, ਐਚ.ਐਸ. ਹੰਸਪਾਲ ਅਤੇ ਹੋਰ ਕਈ ਉੱਘੀਆਂ ਸ਼ਖ਼ਸੀਅਤਾਂ ਇਹ ਨੁਮਾਇਸ਼ ਦੇਖਣ ਲਈ ਪੁੱਜੀਆਂ ਸਨ। ਉਨ੍ਹਾਂ ਇਹ ਵੀ ਕਿਹਾ ਕਿ ਬਹੁਤ ਵੱਡੀਆਂ ਹਸਤੀਆਂ ਇਨ੍ਹਾਂ ਦੇ ਸਾਹਮਣੇ ਸਿਰ ਝੁਕਾਉਂਦੀਆਂ ਹਨ ਪਰ 'ਮੈਨੂੰ ਬੇਹੱਦ ਮਾਣ ਹੈ ਕਿ ਠਾਕੁਰ ਦਲੀਪ ਸਿੰਘ ਮੇਰੇ ਚੰਗੇ ਮਿੱਤਰ ਹਨ, ਮੇਰੇ ਬੇਹੱਦ ਹਿਤੈਸ਼ੀ ਹਨ ਅਤੇ ਹਰ ਦੁੱਖ ਸੁੱਖ ਵਿਚ ਮੇਰੇ ਨਾਲ ਖੜ੍ਹੇ ਹਨ।' ਉਨ੍ਹਾਂ ਕਿਹਾ ਕਿ ਠਾਕੁਰ ਸਾਹਿਬ ਨਾਲ ਉਨ੍ਹਾਂ ਦੀ ਸਾਂਝ ਗੁਰਸਿੱਖੀ ਸਦਕਾ ਹੈ ਅਤੇ ਇਹ ਸਦਾ ਬਣੀ ਰਹੇਗੀ।

ਇਸ ਮੌਕੇ ਬੋਲਦਿਆਂ ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਪ੍ਰਵਚਨ ਰਾਹੀਂ ਨਾਮਧਾਰੀਆਂ ਨੂੰ ਗੁਰਬਾਣੀ ਅਨੁਸਾਰ ਜੀਵਨ ਜੀਉਣ ਲਈ ਕਿਹਾ ਹੈ। ਜਦੋਂ ਦਾ ਇਹ ਸੰਦੇਸ਼ ਉਨ੍ਹਾਂ ਦੇ ਮਨ ਵਿਚ ਵਸਿਆ ਹੈ ਉਹ ਉਦੋਂ ਤੋਂ ਹੀ ਜਿੰਨਾ ਹੋ ਸਕੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਜਿਉਣ ਦੀ ਕੋਸ਼ਿਸ਼ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਨੂੰ ਬੜਾ ਸੁਖ ਵੀ ਮਿਲਿਆ ਹੈ। ਉਨ੍ਹਾਂ ਕਿਹਾ ਕਿ ਵੈਸੇ ਵੀ ਅਸੀਂ ਗੁਰੂ ਜੀ ਦੇ ਚਰਨੀਂ ਇਸ ਲਈ ਹੀ ਲੱਗਦੇ ਹਾਂ ਕਿ ਸਾਨੂੰ ਲੋਕ ਅਤੇ ਪਰਲੋਕ ਵਿਚ ਸੁਖ ਮਿਲੇ। ਉਨ੍ਹਾਂ ਕਿਹਾ ਕਿ ਸਤਿਗੁਰੂ ਜੀ ਨੇ ਲਿਖਿਆ ਹੈ ਕਿ ਗੁਰੂ ਸਿੱਖ ਅਤੇ ਸਿੱਖ ਗੁਰੂ ਹੈ ਅਰਥਾਤ ਸਿੱਖ ਵਿਚ ਗੁਰੂ ਦਾ ਰੂਪ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵੀ ਲਿਖਿਆ ਹੈ 'ਸੇ ਸਿੱਖ ਸਖਾ ਬੰਧਪ ਹੈ ਭਾਈ, ਜੇ ਗੁਰ ਕੇ ਭਾਣੇ ਵਿਚਿਆਂ'। ਗੁਰੂ ਜੀ ਦਾ ਭਾਣਾ ਮੰਨਣ ਵਾਲਾ ਹੀ ਸਿੱਖ ਹੈ, ਗੁਰਬਾਣੀ ਵਿਚ ਸਿੱਖ ਬਾਰੇ ਹੋਰ ਕੋਈ ਵਿਆਖਿਆ ਨਹੀਂ ਮਿਲਦੀ। 'ਇਸ ਵਚਨ ਨੂੰ ਮੰਨ ਕੇ ਕੋਸ਼ਿਸ਼ ਕੀਤੀ ਕਿ ਮੈਂ ਸੱਚਮੁੱਚ ਸਿੱਖ ਵਿਚ ਗੁਰੂ ਦਾ ਰੂਪ ਦੇਖ ਸਕਾਂ, ਜਿੰਨਾ ਚਿਰ ਦੇਖ ਸਕਾਂ। ਇਹ ਵੀ ਬੜੀ ਆਨੰਦਮਈ ਅਵੱਸਥਾ ਹੈ'। ਸੱਚੇ ਪਾਤਸ਼ਾਹ ਦਾ ਇਹ ਵੀ ਵਚਨ ਹੈ ਕਿ 'ਮੰਦਾ ਕਿਸੇ ਨਾ ਆਖੀਐ'। ਉਨ੍ਹਾਂ ਕੋਸ਼ਿਸ਼ ਕੀਤੀ ਹੈ ਅਤੇ ਮੰਦਾ ਆਖਣਾ ਛੱਡਿਆ ਹੈ, ਬੜਾ ਸੁਖ ਮਿਲਿਆ ਹੈ ਕਿਉਂਕਿ ਮੰਦਾ ਆਖਣ ਨਾਲ ਕਿਸੇ ਹੋਰ ਦਾ ਕੁਝ ਨਹੀਂ ਵਿਗੜਦਾ ਸਗੋਂ ਆਪਣੀ ਜ਼ੁਬਾਨ ਹੀ ਗੰਦੀ ਹੁੰਦੀ ਹੈ। ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਆਪਣੇ ਹੱਥੀਂ ਕਾਰਜ ਕਰਨਾ, ਸੇਵਾ ਕਰਨੀ ਇਹ ਗੁਰਸਿੱਖੀ ਦੀ ਪਰੰਪਰਾ ਹੈ ਅਤੇ ਹਰ ਸਿੱਖ ਨੂੰ ਇਹ ਪਰੰਪਰਾ ਨੂੰ ਮੰਨਣਾ ਅਤੇ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਜੋੜੇ ਸਾਫ ਕਰਦੇ ਹਨ, ਸੰਗਤ ਦੇ ਚਰਨ ਧੋਂਦੇ ਹਨ ਤਾਂ ਇਹ ਉਨ੍ਹਾਂ ਦੀ ਕੋਈ ਵਿਸ਼ੇਸ਼ਤਾ ਨਹੀਂ ਸਗੋਂ ਗੁਰਸਿੱਖੀ ਦੀ ਪਰੰਪਰਾ ਦਾ ਪਾਲਣ ਹੀ ਹੈ। ਇਹ ਸੇਵਾ ਨਿਭਾ ਕੇ ਉਨ੍ਹਾਂ ਨੂੰ ਬੇਹੱਦ ਸੰਤੁਸ਼ਟੀ ਮਿਲਦੀ ਹੈ ਕਿ ਉਹ ਗੁਰਸਿੱਖੀ ਦਾ ਕੋਈ ਕਾਰਜ, ਕੋਈ ਸੇਵਾ ਕਰ ਸਕੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨਾਮਧਾਰੀ ਸੰਪਰਦਾ ਵੱਲੋਂ ਇਹ ਵੀ ਰਵਾਇਤ ਸ਼ੁਰੂ ਕੀਤੀ ਹੈ ਕਿ ਨਵੇਂ ਵਿਆਹੇ ਜੋੜੇ ਲਾਵਾਂ ਲੈਣ ਉਪਰੰਤ ਦੇਗ ਲੈਣ ਤੋਂ ਬਾਅਦ ਸੰਗਤਾਂ ਦੇ ਜੋੜੇ ਸਾਫ ਕਰਨ ਤਾਂ ਜੋ ਉਨ੍ਹਾਂ ਵਿਚ ਸਿੱਖੀ ਦਾ ਭਾਵਨਾ ਦ੍ਰਿੜ ਹੋ ਸਕੇ। ਉਨ੍ਹਾਂ ਕਿਹਾ ਕਿ ਨਾਮਧਾਰੀ ਸੰਗਤ ਵੱਲੋਂ ਵਿਸਾਖੀ ਮੌਕੇ ਅਨੰਦਪੁਰ ਸਾਹਿਬ ਪਹੁੰਚ ਕੇ ਸਿਆਸੀ ਸਟੇਜਾਂ ਲਾਉਣ ਦੀ ਬਜਾਏ ਜੋੜੇ ਸਾਫ ਕਰਨ, ਬਰਤਨ ਸਾਫ ਕਰਨ, ਲੰਗਰ ਦੀ ਸੇਵਾ ਕਰਨ ਦੇ ਕਾਰਜ ਕੀਤੇ ਜਾਂਦੇ ਹਨ। ਅੰਤ ਵਿਚ ਉਨ੍ਹਾਂ ਕਿਹਾ ਕਿ ਸਤਿਗੁਰੂ ਕ੍ਰਿਪਾ ਕਰਨ ਕਿ ਆਪਾਂ ਸਾਰੇ ਰਲ ਮਿਲ ਕੇ ਸੱਚੇ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਦੇ ਪੰਥ ਨੂੰ ਹੋਰ ਵਧਾਉਣ, ਫੈਲਾਉਣ ਲਈ ਆਪਣੀ ਸਮਰੱਥਾ ਅਨੁਸਾਰ ਸੇਵਾ ਕਰ ਸਕੀਏ। ਇਸ ਮੌਕੇ ਸੁਰਿੰਦਰ ਸਿੰਘ ਜੱਬਲ ਅਤੇ ਹਰਦਮ ਸਿੰਘ ਮਾਨ ਨੇ ਉਨ੍ਹਾਂ ਨੂੰ ਆਪਣੀਆਂ ਪੁਸਤਕਾਂ ਭੇਟ ਕੀਤੀਆਂ।






**Sachkhand Travels Pvt Ltd**
India 2 Offices: +91 11 4505 2828
Mob.: +91- 98116 97488

**Sachkhand Travels Ltd**
Canada: +1 778 965 2828
+1 778 955 2828

CONSUMER PROTECTION BC

IATA
Since 1997 India


MJM
FURNITURE
Boxing Week
Special Sale
Everything is
50% OFF
in the store
Lots of Design
Best Quality
Best Price
Expressing
Your Interior
World
Finance Available
O.A.C
Quality Furniture for Your Home.
Come visit our showroom. Over 34,000 sq ft
of quality Fine Furniture
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191

# Wishing You a Very Merry Christmas!




**Exclusive Markets For Reduced Rates on Cargo and Truck Insurance**

## Your Trucking Insurance Professional

### We Specialize in:

- Cargo Insurance
- Prorate Insurance/New Fleets
- US/Canadian Custom Bonding/ICC Bonds
- General Liability
- All Types of Commercial Insurance
- Risk Management

Setting The Standard in the **Trucking Industry**

For Over **30** Years



***Monthly Payment Plans OAC***

**Johnston Meier Insurance Agencies Group**

📞 1-888-564-7687
Tel: 604-533-0333
Fax: 604-533-3284

Riccardo Sestito
604-309-3321

Inder Grewal
604-308-9642

#101-19978-72nd Ave., Langley, BC V2Y 1R7

# ਇਨਕਲਾਬੀ ਰਹਿਬਰ ਗੁਰੂ ਗੋਬਿੰਦ ਸਿੰਘ ਜੀ



ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿੱਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਹਥਿਆਰਬੰਦ ਖ਼ਾਲਸਾ-ਪੰਥ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ, ਸਵੈਮਾਣ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ : ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮ ਜੇਤਾ ਕਿਛੁ ਖਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 142)

ਗੁਰੂ ਜੀ ਨੂੰ ਇਕ ਪਾਸੇ ਕੱਟੜ ਮੁਗ਼ਲ ਹਕੂਮਤ ਅਤੇ ਦੂਜੇ ਪਾਸੇ ਲੋਭੀ, ਕਰਮ-ਕਾਂਡੀ, ਧਾਰਮਿਕ ਪ੍ਰੰਪਰਾਵਾਂ ਦੀ ਧਾਰਨੀ ਜਾਤ-ਪਾਤ, ਵਰਣ-ਵੰਡ ਅਧਾਰਿਤ ਵੰਡੀ ਬ੍ਰਾਹਮਣੀ ਜਮਾਤ ਦੇ ਨਾਲ-ਨਾਲ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਹੰਢਾਉਣਾ ਪਿਆ। ਇਨ੍ਹਾਂ ਸਮਾਜ-ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਜੀਵਨ ਭਰ ਸੰਘਰਸ਼ ਕਰਨਾ ਪਿਆ। ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸਤਵੀਂ, 23 ਪੋਹ (22 ਦਸੰਬਰ, 1666) ਨੂੰ ਪਟਨਾ ਸਾਹਿਬ (ਬਿਹਾਰ) ਦੀ ਇਤਿਹਾਸਕ ਧਰਤੀ 'ਤੇ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਘਰ ਪ੍ਰਗਟ ਹੋਏ।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਉਦੇਸ਼ 'ਸੱਚ' ਧਰਮ ਦੀ ਸਥਾਪਨਾ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਟਾਕਰਾ ਕਰਨਾ ਸੀ ਕਿਉਂਕਿ ਉਨ੍ਹਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਜਾਂ ਅਧਰਮ ਦੇ ਬੋਲਬਾਲੇ ਦਾ ਮੁੱਖ ਕਾਰਨ ਲੋਕਾਂ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦੁਆਰਾ ਧਰਮ ਯੁੱਧ ਕਰਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ-ਜ਼ੁਲਮ ਤੇ ਧੱਕੇਸ਼ਾਹੀ ਨੂੰ ਰੋਕਣਾ ਸੀ। ਧਰਮ ਦੀ ਸਥਾਪਨਾ, ਨੇਕਾ-ਜਨਾਂ ਦੀ ਰੱਖਿਆ ਅਤੇ ਦੁਸ਼ਟਾਂ ਦੇ ਨਾਸ਼ ਕਰਨ ਦੇ ਆਪਣੇ ਜੀਵਨ-ਉਦੇਸ਼ ਨੂੰ ਆਪ 'ਬਚਿਤ੍ ਨਾਟਕ' ਵਿਚ ਭਲੀ-ਭਾਂਤ ਸਪੱਸ਼ਟ ਕਰਦੇ ਹਨ:

**ਹਮ ਇਹ ਕਾਜ ਜਗਤ ਮੋ ਆਏ ॥**
**ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥**
**ਦੁਸਟ ਦੋਖੀਅਨਿ ਪਕਰਿ ਪਛਾਰੋ ॥42 ॥**
**ਧਰਮ ਚਲਾਵਨ ਸੰਤ ਉਬਾਰਨ ॥**
**ਦੁਸਟ ਸਭਨ ਕੋ ਮੂਲ ਉਪਾਰਨ ॥**

ਧਰਮ ਦੀ ਬਹਾਲੀ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਦਸਮੇਸ਼ ਪਿਤਾ ਜੀ ਨੇ ਅਖੌਤੀ ਧਾਰਮਿਕ ਲੋਕਾਂ ਵੱਲੋਂ ਕੀਤੇ ਜਾ ਰਹੇ ਪਾਖੰਡਾਂ ਦਾ ਖ਼ੂਬ ਪਾਜ ਉਘੇੜਿਆ। ਆਪਣੀ ਬਾਣੀ ਵਿਚ ਉਨ੍ਹਾਂ ਨੇ ਇਨ੍ਹਾਂ ਪਾਖੰਡਾਂ ਅਤੇ ਕਰਮਕਾਡਾਂ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਸੱਚੇ-ਸੁੱਚੇ ਜੀਵਨ ਦੇ ਧਾਰਨੀ ਹੋਣ ਲਈ ਪ੍ਰੇਰਿਆ। ਆਪ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਮੂਰਤੀ-ਪੂਜਾ, ਬੁੱਤ-ਪੂਜਾ, ਤੀਰਥ ਯਾਤਰਾ ਜਾਂ ਬਗੁਲ ਸਮਾਧੀਆਂ ਨਾਲ ਅਕਾਲ-ਪੁਰਖ ਦੀ ਭਗਤੀ ਤੇ ਪ੍ਰਾਪਤੀ ਨਹੀਂ ਹੋ ਸਕਦੀ। ਕਹਿਣ ਤੋਂ ਭਾਵ ਗੁਰੂ ਜੀ ਨੇ ਪ੍ਰਚਲਿਤ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਖੰਡਨ ਬੇਖ਼ੌਫ ਹੋ ਕੇ ਕੀਤਾ ਅਤੇ ਲੋਕਾਂ ਨੂੰ 'ਸੱਚ' ਮਾਰਗ ਦੇ ਧਾਰਨੀ ਹੋਣ ਲਈ ਪ੍ਰੇਰਿਆ :

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ**
**ਬੈਠਿ ਰਹਿਓ ਬਕ ਧਿਆਨ ਲਗਾਇਓ ॥**
**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ**
**ਲੋਕ ਗਯੋ ਪਰਲੋਕ ਗਵਾਇਓ ॥**
**ਬਾਸ ਕੀਓ ਬਿਖਿਆਨ ਸੋ ਬੈਠ ਕੈ**
**ਐਸੇ ਹੀ ਐਸੇ ਸੁ ਬੈਸ ਬਿਤਾਇਓ ॥**
**ਸਾਚੁ ਕਹੋਂ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥9 ॥29 ॥**

ਅਜੋਕੀ ਦੁਨੀਆ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਤਰਲੇ ਲੈ ਰਹੀ ਹੈ। ਪਰ ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਅੱਜ ਤੋਂ ਸਦੀਆਂ ਪਹਿਲਾਂ ਇਹ ਐਲਾਨ ਕਰ ਦਿੱਤਾ ਕਿ ਸਮੁੱਚੀ ਮਨੁੱਖਤਾ ਵਿਚ ਇਕ ਅਕਾਲ ਪੁਰਖ ਦੀ ਜੋਤ ਕੰਮ ਕਰ ਰਹੀ ਹੈ, ਸਾਰੇ ਇਕੋ ਮਿੱਟੀ ਦੇ ਬਣੇ ਹੋਏ ਹਨ, ਇਸ ਲਈ ਹਿੰਦੂ, ਮੁਸਲਮਾਨ, ਜੋਗੀ ਆਦਿ ਫਿਰਕੂ ਵੰਡੀਆਂ ਦੇ ਆਧਾਰ 'ਤੇ ਮਨੁੱਖਤਾ ਨੂੰ ਵੰਡਣਾ ਜਾਇਜ਼ ਨਹੀਂ। ਇਸ ਲਈ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ ਹੋਇਆਂ ਸਭ ਨੂੰ ਉਸੇ ਦਾ ਸਰੂਪ ਸਮਝਣਾ ਚਾਹੀਦਾ ਹੈ :

**ਕੋਊ ਭਇਓ ਮੁੰਡੀਆਮ ? ਸੰਨਿਆਸੀ ਕੋਊ ਜੋਗੀ ਭਇਓ**
**ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥**
**ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥**
**ਕਰਤਾ ਕਰੀਮ ਸੋਈ ਰਾਜਕ ਰਹੀਮ ਓਈ**
**ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥**
**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ**
**ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥15 ॥85 ॥**

ਸਭ ਤੋਂ ਇਨਕਲਾਬੀ ਗੱਲ ਗੁਰੂ ਸਾਹਿਬ ਨੇ ਇਹ ਕੀਤੀ ਕਿ ਉਨ੍ਹਾਂ ਦੱਬੇ-ਕੁਚਲੇ, ਲਿਤਾੜੇ ਹੋਏ ਲੋਕਾਂ, ਗ਼ਰੀਬ ਕਿਰਤੀਆਂ ਤੇ ਨਿਤਾਣਿਆਂ ਨੂੰ ਗਲ ਨਾਲ ਲਾਇਆ। ਸਦੀਆਂ ਤੋਂ ਗ਼ੁਲਾਮੀ ਅਤੇ ਜਹਾਲਤ ਦੀ ਜ਼ਿੰਦਗੀ ਜੀਅ ਰਹੇ ਲੋਕਾਂ ਵਿਚ ਅਣਖ ਅਤੇ ਸਵੈਮਾਣ ਦੀ ਭਾਵਨਾ ਨੂੰ ਜਗਾ ਦਿੱਤਾ। ਇਹੀ ਲੋਕ ਗੁਰੂ-ਕਿਰਪਾ ਦੇ ਪਾਤਰ ਬਣ ਕੇ ਖ਼ਾਲਸਾ ਸਜੇ ਅਤੇ ਗੁਰੂ-ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਨ੍ਹਾਂ ਦੇ ਕਿਰਦਾਰ, ਵਿਹਾਰ ਤੇ ਅਚਾਰ 'ਤੇ ਤਸੱਲੀ ਪ੍ਰਗਟ ਕਰਦੇ ਰਹਿੰਦੇ ਹਨ :

**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ**
**ਨਹੀ ਮੋ ਸੋ ਗਰੀਬ ਕਰੋਰ ਪਰੇ ॥ (ਦਸਮ ਗ੍ਰੰਥ, ਪੰਨਾ 716)**

ਦੁਨੀਆ ਦੇ ਇਤਿਹਾਸ ਵਿਚ ਇਹ ਇਕ ਵੱਡਾ ਇਨਕਲਾਬ ਮੰਨਿਆ ਜਾਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਆਪਣੇ ਬਰਾਬਰ ਗੁਰੂ ਦਾ ਦਰਜਾ ਦਿੱਤਾ। ਦੁਨੀਆ ਦੇ ਕਿਸੇ ਵੀ ਧਾਰਮਿਕ ਰਹਿਬਰ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਨਹੀਂ ਦਿੱਤਾ। ਪਰ ਦਸਮ-ਪਿਤਾ ਧੰਨ ਹਨ ਜਿਨ੍ਹਾਂ 'ਖ਼ਾਲਸੇ' ਨੂੰ ਆਪਣਾ ਖ਼ਾਸ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਬਲਕਿ ਆਪਣਾ ਗੁਰੂ ਵੀ ਸਵੀਕਾਰ ਕੀਤਾ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪ੍ਰਗਟ ਕਰ ਕੇ ਗੁਰ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਆਪ ਖ਼ਾਲਸੇ ਨੂੰ ਆਪਣਾ ਰੂਪ ਅਤੇ 'ਗੁਰੂ' ਸਵੀਕਾਰ ਕਰਦੇ ਹੋਏ ਫੁਰਮਾਉਂਦੇ ਹਨ :

**ਖ਼ਾਲਸਾ ਮੇਰੋ ਰੂਪ ਹੈ ਖਾਸ।**
**ਖ਼ਾਲਸੇ ਮੈ ਹਉ ਕਰਉ ਨਿਵਾਸ।.....**
**ਖ਼ਾਲਸਾ ਮੇਰੋ ਸਤਿਗੁਰ ਪੂਰਾ।**
**ਖ਼ਾਲਸਾ ਮੇਰੋ ਸਜਣ ਸੂਰਾ।**

ਦੁਨੀਆ ਦੇ ਹੋਰਨਾਂ ਧਾਰਮਿਕ ਰਹਿਬਰਾਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਧਰਮ ਚਲਾਇਆ। ਆਪਣੇ ਆਪ ਨੂੰ ਅਕਾਲ ਪੁਰਖ, ਵਾਹਿਗੁਰੂ ਦਾ ਦਾਸ, ਸੇਵਕ ਦੱਸਦਿਆਂ, ਉਨ੍ਹਾਂ ਬੜੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪਰਮਾਤਮਾ ਨਹੀਂ ਸਮਝਣਾ :

**ਜੋ ਹਮ ਕੋ ਪਰਮੇਸਰ ਉਚਿਰਹੈਂ ॥**
**ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥**
**ਮੋ ਕੌ ਦਾਸ ਤਵਨ ਕਾ ਜਾਨੋ ॥**
**ਯਾ ਮੈ ਭੇਦ ਨ ਰੰਚ ਪਛਾਨੋ ॥32 ॥ (ਬਚਿਤ੍ਰ ਨਾਟਕ)**

ਗੁਰੂ ਜੀ ਨੇ ਤਖ਼ਤ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਧਰਤ ਸੁਹਾਵੀ 'ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਦੀ ਬਾਣੀ ਅੰਕਤ ਕਰ ਸੰਪੂਰਨਤਾ ਬਖ਼ਸ਼ੀ। ਤਖ਼ਤ ਸੱਚ-ਖੰਡ ਸ੍ਰੀ ਹਜ਼ੂਰ ਅਬਚਲ ਨਗਰ 'ਚ ਸੰਸਾਰਿਕ ਯਾਤਰਾ ਸੰਪੂਰਨ ਕਰਨ ਤੋਂ ਪਹਿਲਾਂ ਸ਼ਬਦ ਗੁਰੂ, ਗੁਰੂ-ਗ੍ਰੰਥ ਸਾਹਿਬ ਨੂੰ ਹਮੇਸ਼ਾ ਵਾਸਤੇ ਗੁਰਤਾ ਗੱਦੀ 'ਤੇ ਬਿਰਾਜਮਾਨ ਕਰ, ਵਿਅਕਤੀ ਗੁਰੂ ਦੀ ਪਰੰਪਰਾ ਨੂੰ ਸਦਾ ਲਈ ਸਮਾਪਤ ਕਰ, ਗੁਰਸਿੱਖਾਂ ਸੇਵਕਾਂ ਨੂੰ ਹੁਕਮ ਕੀਤਾ :

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।**
**ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।**

## ਲੜੀਆਂ 14 ਜੰਗਾਂ

ਗੁਰੂ ਜੀ ਨੇ ਕੇਵਲ 42 ਸਾਲ ਦੀ ਉਮਰ 'ਚ ਹਕੂਮਤੀ ਜਬਰ-ਜ਼ੁਲਮ ਦੇ ਨਾਲ 14 ਜੰਗਾਂ ਲੜੀਆਂ ਪਰ ਇੰਚ ਭਰ ਵੀ ਜ਼ਮੀਨ 'ਤੇ ਕਬਜ਼ਾ ਨਹੀਂ ਕੀਤਾ। ਇਨ੍ਹਾਂ ਜੰਗਾਂ ਦੌਰਾਨ ਹੀ ਵੱਡੇ ਸਾਹਿਬਜ਼ਾਦੇ, ਛੋਟੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਗੁਰੂ-ਪਿਆਰੇ ਗੁਰਸਿੱਖ ਸ਼ਹੀਦ ਹੋਏ। ਉਨ੍ਹਾਂ ਨੇ ਚਮਕੌਰ ਦੀ ਜੰਗ ਉਪਰੰਤ ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ 'ਚ ਅਕਾਲ-ਪੁਰਖ ਰੂਪੀ ਮਿੱਤਰ-ਪਿਆਰੇ ਨੂੰ ਹਾਲ ਮੁਰੀਦਾਂ ਦਾ ਸੁਣਾਇਆ। ਉਨ੍ਹਾਂ ਦੀਨੇ ਕਾਂਗੜ ਦੀ ਧਰਤੀ ਤੋਂ ਔਰੰਗਜ਼ੇਬ ਨੂੰ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਵੰਗਾਰਦਿਆਂ ਜ਼ਫ਼ਰਨਾਮਾ ਲਿਖ ਕੇ ਸਮੇਂ ਦੇ ਸੱਚ ਤੋਂ ਜਾਣੂੰ ਕਰਵਾਇਆ। ਸੰਖੇਪ ਵਿਚ ਜੇਕਰ ਦੇਖਿਆ ਜਾਵੇ ਤਾਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚਾ ਜੀਵਨ ਸੰਘਰਸ਼ਮਈ, ਚੜ੍ਹਦੀ ਕਲਾ ਵਾਲਾ, ਇਨਕਲਾਬੀ, ਇਤਿਹਾਸਕ ਕੀਰਤੀਮਾਨ ਸਥਾਪਤ ਕਰਦਿਆਂ ਬਸਰ ਕੀਤਾ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਇਤਿਹਾਸ ਵਿਚ ਇਕ ਇਨਕਲਾਬੀ ਰਹਿਬਰ ਹੋਏ ਹਨ, ਜਿਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਵਿਚ ਇਨਕਲਾਬੀ ਤੇ ਇਤਿਹਾਸਕ ਤਬਦੀਲੀ ਲਿਆਂਦੀ। ਅਜੋਕੇ ਦੇਹਧਾਰੀ ਗੁਰੂਆਂ, ਅਖੌਤੀ ਸਾਧਾਂ-ਸੰਤਾਂ ਅਤੇ ਮਹਾਤਮਾਵਾਂ ਨੂੰ ਦਸਮੇਸ਼ ਪਿਤਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਭੇਖ ਤੇ ਅਡੰਬਰ, ਵਿਖਾਵੇ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਕਰਮਕਾਡਾਂ ਦੇ ਅੰਧਕਾਰ ਵਿਚ ਪਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗੁਰਦੇਵ ਪਿਤਾ ਵੱਲੋਂ ਦਿੱਤੇ ਨਾਹਰੇ, 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਦੇ ਧਾਰਨੀ ਬਣ, ਭਰਮ-ਭੇਖ ਤੋਂ ਸੁਤੰਤਰ ਹੋ, ਗੁਰੂ ਦੇ ਸਪੁੱਤਰ ਹੋਣ ਵਿਚ ਮਾਣ ਤੇ ਸਤਿਕਾਰ ਮਹਿਸੂਸ ਕਰਨਾ ਚਾਹੀਦਾ ਹੈ।

—ਰੂਪ ਸਿੰਘ (ਡਾ.)


SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA

CENTURY 21

Ram Johal
604-356-5555



www.sunnysangha.com | info@sunnysangha.com



ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਸਰਕਾਰ ਭਾਰਤ ਜੋੜੋ ਯਾਤਰਾ ਨੂੰ ਰੋਕਣ ਨੂੰ ਕੋਵਿਡ ਦੇ ਬਹਾਨੇ ਬਣਾ ਰਹੀ ਹੈ-ਰਾਹੁਲ ਗਾਂਧੀ

ਨਵੀਂ ਦਿੱਲੀ (ਦਿਓਲ)- ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਸਰਕਾਰ 'ਭਾਰਤ ਜੋੜੋ ਯਾਤਰਾ' ਨੂੰ ਰੋਕਣ ਦੇ ਬਹਾਨੇ ਲੱਭ ਰਹੀ ਹੈ। ਇਸ ਤੋਂ ਪਹਿਲਾਂ ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਰਾਹੁਲ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਜੇਕਰ ਕੋਵਿਡ ਦੀ ਰੋਕਥਾਮ ਸਬੰਧੀ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾ ਸਕਦੀ ਹੈ ਤਾਂ ਉਹ ਇਹ ਯਾਤਰਾ ਮੁਲਤਵੀ ਕਰਨ ਬਾਰੇ ਸੋਚਣ। ਜ਼ਿਕਰਯੋਗ ਹੈ ਕਿ ਲੰਘੀ 7 ਸਤੰਬਰ ਨੂੰ ਸ਼ੁਰੂ ਹੋਈ ਇਹ ਯਾਤਰਾ ਹੁਣ ਤੱਕ ਤਾਮਿਲਨਾਡੂ, ਕੇਰਲਾ, ਆਂਧਰਾ ਪ੍ਰਦੇਸ਼, ਕਰਨਾਟਕਾ, ਤਿਲੰਗਾਨਾ, ਮੱਧ ਪ੍ਰਦੇਸ਼ ਅਤੇ ਰਾਜਸਥਾਨ 'ਚੋ ਲੰਘ ਚੁੱਕੀ ਹੈ। ਹਰਿਆਣਾ ਦੇ ਨੂਹ ਜ਼ਿਲ੍ਹੇ ਵਿੱਚ ਪੈਂਦੇ ਘਸੇਰਾ ਪਿੰਡ ਵਿੱਚ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ, "ਇਹ ਯਾਤਰਾ ਕਸ਼ਮੀਰ ਜਾ ਕੇ ਖ਼ਤਮ ਹੋਣੀ ਹੈ। ਹੁਣ ਉਹ ਇਕ ਨਵੀਂ ਤਰਕੀਬ ਲੈ ਕੇ ਆਏ ਹਨ। ਉਨ੍ਹਾਂ ਨੇ ਮੈਨੂੰ ਇਕ ਪੱਤਰ ਲਿਖਿਆ ਹੈ ਕਿ ਕੋਵਿਡ ਫੈਲ ਰਿਹਾ ਹੈ ਇਸ ਵਾਸਤੇ ਯਾਤਰਾ ਰੋਕੀ ਜਾਵੇ। ਰਾਜਸਥਾਨ 'ਚੋਂ ਲੰਘਣ ਮਗਰੋਂ ਬੁੱਧਵਾਰ ਨੂੰ ਇਹ ਯਾਤਰਾ ਹਰਿਆਣਾ ਵਿੱਚ ਦਾਖਲ ਹੋਈ ਸੀ। ਉਨ੍ਹਾਂ ਕਿਹਾ, "ਉਹ ਯਾਤਰਾ ਰੋਕਣ ਲਈ ਨਵੇਂ-ਨਵੇਂ ਬਹਾਨੇ ਲੈ ਕੇ ਆ ਰਹੇ ਹਨ। ਮਾਸਕ ਪਹਿਨੋ, ਯਾਤਰਾ ਰੋਕ ਦਿਓ, ਕੋਵਿਡ ਫੈਲ ਰਿਹਾ ਹੈ, ਇਹ ਸਭ ਬਹਾਨੇ ਹਨ।" ਕੇਂਦਰ ਤੇ ਸੂਬੇ ਵਿੱਚ ਸੱਤਾ 'ਤੇ ਕਾਬਜ਼ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਭਾਜਪਾ ਸਚਾਈ ਤੋਂ ਡਰਦੀ ਹੈ।




# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਚਾਰ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਸਮਾਗਮ

ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਸਕੱਤਰ ਪਲਵਿੰਦਰ ਸਿੰਘ ਰੰਧਾਵਾ ਅਤੇ ਸਾਬਕਾ ਪ੍ਰਧਾਨ ਬਿੱਕਰ ਸਿੰਘ ਖੋਸਾ ਨੇ ਕੀਤੀ। ਸਮਾਗਮ ਦੌਰਾਨ ਪਲਵਿੰਦਰ ਸਿੰਘ ਰੰਧਾਵਾ, ਸੁਰਿੰਦਰ ਸਿੰਘ ਜੱਬਲ, ਨਰਿੰਦਰ ਸਿੰਘ ਬਾਹੀਆ, ਦਵਿੰਦਰ ਕੌਰ ਜੌਹਲ, ਖੁਸ਼ਹਾਲ ਗਲੋਟੀ, ਬਲਬੀਰ ਸੰਘਾ, ਡਾ. ਪ੍ਰਿਥੀਪਾਲ ਸੋਹੀ, ਦਵਿੰਦਰ ਬਚੜਾ, ਦਰਸ਼ਨ ਸੰਘਾ, ਬਿੱਕਰ ਸਿੰਘ ਖੋਸਾ, ਰਣਜੀਤ ਸਿੰਘ ਨਿੱਝਰ, ਸੁਖਵਿੰਦਰ ਕੌਰ ਸਿੱਧੂ, ਇੰਦਰਜੀਤ ਸਿੰਘ ਧਾਮੀ, ਨਰਿੰਦਰ ਸਿੰਘ ਪੰਨੂ, ਹਰਚੰਦ ਸਿੰਘ ਗਿੱਲ, ਅਮਰੀਕ ਪਲਾਹੀ, ਮਨਜੀਤ ਮੱਲ੍ਹਾ, ਹਰਪਾਲ ਸਿੰਘ ਬਰਾੜ, ਇੰਦਰਪਾਲ ਸਿੰਘ ਸੰਧੂ, ਹਰਦਮ ਸਿੰਘ ਮਾਨ, ਸੁਖਵਿੰਦਰ ਕੌਰ ਸਿੱਧੂ ਅਤੇ ਸੁਰਜੀਤ ਸਿੰਘ ਮਾਧੋਪੁਰੀ ਨੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਕਵਿਤਾਵਾਂ, ਗੀਤ ਅਤੇ ਵਿਚਾਰ ਪੇਸ਼ ਕੀਤੇ। ਇੰਦਰਪਾਲ ਸੰਧੂ ਨੇ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਹਰ ਸਾਲ ਦਸੰਬਰ ਦੇ ਮਹੀਨੇ ਵਿਚ ਚਾਰ ਦਿਨ ਚਾਰ ਸਾਹਿਬਜ਼ਾਦਿਆਂ ਨੂੰ ਸਮੱਰਪਿਤ ਕੀਤੇ ਜਾਣ। ਸਮਾਗਮ ਦੇ ਅੰਤ ਵਿਚ ਸਭਾ ਵੱਲੋਂ ਆਪਣੇ ਸਹਿਯੋਗੀਆਂ ਅਤੇ ਮੀਡੀਆ ਪ੍ਰਤੀਨਿਧਾਂ ਨੂੰ ਪ੍ਰਸੰਸਾ ਪੱਤਰ ਪ੍ਰਦਾਨ ਕੀਤੇ ਗਏ। ਪ੍ਰਸੰਸਾ ਪੱਤਰ ਹਾਸਲ ਕਰਨ ਵਾਲਿਆਂ ਵਿਚ ਪਲਵਿੰਦਰ ਸਿੰਘ ਰੰਧਾਵਾ, ਰੁਪਿੰਦਰ ਖਹਿਰਾ ਰੂਪੀ, ਪਾਲ ਵੜੈਚ (ਸਰਦਾਰ ਟੀ.ਵੀ.) ਹਰਪਾਲ ਸਿੰਘ ਬਰਾੜ, ਹਰਚੰਦ ਸਿੰਘ ਗਿੱਲ, ਅੰਤਰ ਪੰਮਾ, ਹਰਦਮ ਸਿੰਘ ਮਾਨ, ਇੰਡੋ-ਕੈਨੇਡੀਅਨ ਟਾਈਮਜ਼, ਸੰਤੋਖ ਸਿੰਘ ਮੰਡੇਰ, ਰਛਪਾਲ ਸਿੰਘ ਗਿੱਲ, ਰਵੀ ਚੀਮਾ, ਮੇਜਰ ਸਿੰਘ ਜੌਹਲ (ਪਰਦੇਸੀ ਰੈਸਟੋਰੈਂਟ ਦੇ ਮਾਲਿਕ) ਸ਼ਾਮਲ ਸਨ। ਸਮਾਗਮ ਵਿਚ ਕ੍ਰਿਸ਼ਨ ਭਨੋਟ, ਬੇਅੰਤ ਸਿੰਘ ਢਿੱਲੋਂ, ਗੁਰਮਿੰਦਰ ਸਹੋਤਾ ਅਤੇ ਲਖਵਿੰਦਰ ਗਿੱਲ ਵੀ ਸ਼ਾਮਲ ਹੋਏ। ਅੰਤ ਵਿਚ ਪ੍ਰਿਤਪਾਲ ਗਿੱਲ ਨੇ ਸਭਨਾਂ ਦਾ ਧੰਨਵਾਦ ਕੀਤਾ।


# ROHITA PANNU
## LAW CORPORATION
### BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

**Ph: 604.589.1399**

**Fax : 604.589.1556**

**www.rohitapannulaw.com**

**# 102-9278, 120th Street, Surrey, BC V3V 4W8**


# ਲਤੀਫਪੁਰਾ ਦੇ ਉਜਾੜੇ ਲੋਕ ਉਸੇ ਥਾਂ ਮੁੜ ਵਸਾਏ ਦੀ ਮੰਗ ਉਪਰ ਡਟੇ-ਸਾਂਝਾ ਮੋਰਚਾ ਵੱਲੋਂ ਪਹਿਲੀ ਜਨਵਰੀ ਨੂੰ ਜਾਮ ਦੀ ਚੇਤਾਵਨੀ

ਜਲੰਧਰ (ਜਤਿੰਦਰ)- ਲਤੀਫ਼ਪੁਰਾ ਮੁੜ ਵਸੇਬਾ ਸਾਂਝਾ ਮੋਰਚਾ ਮੁੜ ਉਸੇ ਥਾਂ 'ਤੇ ਵਸਾਏ ਜਾਣ ਦੀ ਆਪਣੀ ਮੰਗ 'ਤੇ ਡਟਿਆ ਹੋਇਆ ਹੈ। ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੋਰਚੇ ਦੇ ਆਗੂ ਪੀੜਤਾਂ ਨੂੰ ਉਸੇ ਥਾਂ ਵਸਾਏ ਜਾਣ ਦੀ ਆਪਣੀ ਮੰਗ 'ਤੇ ਅੜੇ ਰਹੇ, ਜਦਕਿ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਹ ਗੱਲ ਮੰਨਣ ਤੋਂ ਆਪਣੀ ਅਸਮਰੱਥਾ ਜਤਾਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੋਰਚੇ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਲਤੀਫਪੁਰਾ ਤੋਂ ਉਜਾੜੇ ਲੋਕਾਂ ਨੂੰ ਮੁੜ ਉਥੇ ਵਸਾਉਣ ਅਤੇ ਮੁਆਵਜ਼ਾ ਦੇਣ ਦਾ ਫ਼ੈਸਲਾ ਨਾ ਲਿਆ ਗਿਆ ਤਾਂ ਪਹਿਲੀ ਜਨਵਰੀ ਨੂੰ ਪੀਏਪੀ ਚੌਕ ਵਿੱਚ 12 ਵਜੇ ਤੋਂ 2 ਵਜੇ ਤੱਕ ਕੌਮੀ ਮਾਰਗ ਜਾਮ ਕੀਤਾ ਜਾਵੇਗਾ। ਇਹ ਮੀਟਿੰਗ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸਰਕਟ ਹਾਊਸ ਵਿੱਚ ਲਤੀਫ਼ਪੁਰਾ ਮੁੜ ਵਸੇਬਾ ਮੋਰਚਾ ਕਮੇਟੀ ਦੇ ਆਗੂਆਂ ਨਾਲ ਕੀਤੀ, ਜੋ ਲਗਪਗ ਦੋ ਘੰਟੇ ਚੱਲੀ। ਮੀਟਿੰਗ ਦੌਰਾਨ ਸਰਕਾਰੀ ਧਿਰ ਪੀੜਤਾਂ ਨੂੰ ਬੀਬੀ ਭਾਨੀ ਕੰਪਲੈਕਸ ਦੇ ਫਲੈਟਾਂ ਵਿੱਚ ਵਸਾਉਣ ਦੀ ਪੇਸ਼ਕਸ਼ 'ਤੇ ਬਜ਼ਿੱਦ ਰਹੀ, ਜਦਕਿ ਮੋਰਚੇ ਦੇ ਆਗੂ ਪੀੜਤਾਂ ਨੂੰ ਲਤੀਫ਼ਪੁਰਾ ਵਿੱਚ ਹੀ ਵਸਾਉਣ ਦੀ ਆਪਣੀ ਮੰਗ 'ਤੇ ਡਟੇ ਰਹੇ। ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਅਤੇ ਇੰਪਰੂਵਮੈਂਟ ਚੇਅਰਮੈਨ ਵੱਲੋਂ ਮਸਲੇ ਦੇ ਹੱਲ ਲਈ ਸਰਕਾਰ ਤੱਕ ਮੰਗਾਂ ਨੂੰ ਪਹੁੰਚਾਉਣ ਦਾ ਭਰੋਸਾ ਦਿੱਤਾ ਗਿਆ। ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਸਪੱਸ਼ਟ ਕੀਤਾ ਕਿ ਪੀੜਤਾਂ ਨੂੰ ਮੁੜ ਉਥੇ ਵਸਾਉਣਾ ਸੰਭਵ ਨਹੀਂ ਹੈ ਤੇ ਨਾ ਹੀ ਇਹ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੇ ਉਨ੍ਹਾਂ ਅਧਿਕਾਰੀਆਂ ਨਾਲ ਇਸ ਮਸਲੇ 'ਤੇ ਗੱਲ ਕਰਨ, ਜੋ ਫੈਸਲਾ ਲੈਣ ਦੇ ਸਮਰੱਥ ਹੋਣ।


ਸਪੈਸ਼ਲ ਸੈਲ!
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1 98 SF
Berber
Installed
Textured Saxony
Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1656 ਸਿਰ ਸਿੰਘਾਂ ਦੇ ਤੁਰਕ ਨੂੰ ਪਏ ਮਹਿੰਗੇ, ਖਾਲੀ ਪਿਆ ਖ਼ਜ਼ਾਨਾ ਖੜਕਦਾ ਏ।
ਬਾਦਸ਼ਾਹ ਨੂੰ ਮਾਮਲਾ ਤਾਰਿਆ ਨਾ, ਹੁਕਮ ਉਸਦਾ ਸਿਰ ਤੇ ਕੜਕਦਾ ਏ।
ਨਿੱਤ ਨਵੇਂ ਬਹਾਨੇ ਲਾ ਲਾ ਕੇ, ਖ਼ਾਨ ਜ਼ਕਰੀਆ ਅੰਦਰੋਂ ਜਰਕਦਾ ਏ।
ਹਰਚੰਦ ਸਿੰਘਾ, ਸਿੰਘ ਵੀ ਪੈਣ ਅੱਗੋਂ, ਛਾਤੀ ਫਟੇ ਕਾਲਜਾ ਧੜਕਦਾ ਏ॥

### ਖ਼ਾਨ ਬਹਾਦਰ (ਜ਼ਕਰੀਆ ਖਾਂ) ਨੇ ਬਾਦਸ਼ਾਹ ਨਾਲ ਅਤੇ ਸਿੰਘਾਂ ਨਾਲ ਚਾਲ ਕਰਨੀ

1657 ਕੁੱਝ ਰਕਮ ਲੱਦ ਕੇ ਗੱਡਿਆਂ ਤੇ, ਦਿੱਲੀ ਵਾਲੇ ਰਾਹ ਸੀ ਪਾ ਦਿੱਤੀ।
ਪਿੱਛੋਂ ਇਸਦੀ ਸਿੰਘਾਂ ਨੂੰ ਖਬਰ ਦੇ ਕੇ, ਵਿਚ ਰਾਹ ਦੇ ਇਹੋ ਲੁਟਾ ਦਿੱਤੀ।
ਸਿੰਘਾਂ ਸ਼ਾਹੀ ਖਜਾਨਾ ਲੁੱਟ ਲਿਆ, ਖਬਰ ਦਿੱਲੀ ਨੂੰ ਉਸ ਪੁਚਾ ਦਿੱਤੀ।
ਹਰਚੰਦ ਸਿੰਘਾ ਹਰਖ ਕੇ ਬਾਦਸ਼ਾਹ ਨੇ, ਭਾਰੀ ਫੌਜ ਪੰਜਾਬ ਭਜਾ ਦਿੱਤੀ॥

### ਫ਼ੌਜ ਨੇ ਆ ਕੇ ਪਿੰਡ, ਸ਼ਹਿਰ, ਖੇਤ ਉਜਾੜ ਦਿੱਤੇ

1658 ਪੰਜਾਬ ਪਹਿਲਾਂ ਹੀ ਪਿਆ ਉਜੜਿਆ ਸੀ, ਆ ਕੇ ਫੌਜ ਨੇ ਹੋਰ ਉਜਾੜ ਦਿੱਤਾ।
ਜੋ ਲੋਕ ਸੀ ਪਿੰਡਾਂ ਦੇ ਵਿਚ ਰਹਿੰਦੇ, ਉਨ੍ਹਾਂ ਤਾਈਂ ਵੀ ਜੰਗਲੀ ਵਾੜ ਦਿੱਤਾ।
ਮੁਸਲਮਾਨ ਵੀ ਲੁੱਟ ਤਬਾਹ ਕੀਤੇ, ਇਸ ਕਿਸਮ ਦਾ ਉਨ੍ਹਾਂ ਨੇ ਧਾੜ ਕੀਤਾ।
ਭੁੱਖ ਮਰੀ ਪੰਜਾਬ ਦੇ ਵਿਚ ਪਈ, ਹਰਚੰਦ ਸਿੰਘਾ ਖੁੱਲ੍ਹਾ ਖਲਵਾੜ ਕੀਤਾ॥
1659 ਜ਼ੋਰ ਜ਼ੁਲਮ-ਜਬਰ ਦਾ ਲਾ ਲਿਆ, ਪਰ ਉਹੋ ਕਿਸੇ ਨਾ ਕੰਮ ਆਇਆ।
ਤਨਖਾਹਾਂ ਦੇਣ ਨੂੰ ਰਿਹਾ ਨਾ ਧਨ ਕੋਲੇ, ਭੁੱਖੀ ਮਰੇ ਦੇਸ਼ ਦਾ ਸਭ ਰਾਇਆ।
ਦਲ ਸਿੰਘਾਂ ਦੇ ਮਾਰਦੇ ਨਿੱਤ ਡਾਕੇ, ਦਹਿਲ ਸਭ ਦੇ ਦਿਲਾਂ ਤੇ ਅਣ ਛਾਇਆ।
ਹਰਚੰਦ ਸਿੰਘਾ ਫਿਰਨ ਅਮੀਰ ਲੁਕਦੇ, ਦਾਬਾ ਇਝ ਸਿੰਘਾਂ ਨੇ ਮੁੜ ਪਾਇਆ॥

### ਲਾਹੌਰ ਅਤੇ ਦਿੱਲੀ ਸਰਕਾਰ ਨੇ ਅੰਤ ਨੂੰ ਸਿੰਘਾਂ ਅੱਗੇ ਗੋਡੇ ਟੇਕ ਕੇ ਸਿੰਘਾਂ ਨਾਲ ਸੁਲ੍ਹਾ ਕਰਨ ਲਈ ਨਵਾਬੀ ਅਤੇ ਜਗੀਰ ਭੇਜਣੀ

1660 ਸਵੇਗ ਸਿੰਘ ਜੰਬਰ ਨੇ ਕਿਹਾ ਆ ਕੇ, ਨਵਾਬੀ ਦਿੱਲੀ ਤੋਂ ਚੱਲ ਹੈ ਆਈ ਸਿੰਘੋ।
ਝਬਾਲ-ਦੀਪਾਲਪੁਰ ਤੇ ਕੰਗਣਪੁਰ ਦੀ, ਜਗੀਰ ਲੰਗਰ ਦੇ ਨਾਮ ਲਖਾਈ ਸਿੰਘੋ।
ਲੁੱਟਾਂ ਛੱਡ ਕੇ ਅਮਨ ਦੇ ਨਾਲ ਰਹੀਏ, ਗਸ਼ਤ ਫੌਜ ਦੀ ਸਭ ਹਟਾਈ ਸਿੰਘੋ।
ਹਰਚੰਦ ਸਿੰਘਾ ਆਖਿਆ ਬਾਦਸ਼ਾਹ ਨੇ, ਰਹੀਏ ਬਣਕੇ ਆਪਾਂ ਭਾਈ ਸਿੰਘੋ॥
1661 ਚਾਲ ਚੱਲੀ ਤੁਰਕਾਂ ਫਿਰ ਕੋਝੀ, ਨਵਾਬੀ ਵਾਸਤੇ ਝਗੜਾ ਕਰਨਗੇ ਇਹ।
ਪਹਿਲਾਂ ਵਾਂਗ ਹੀ ਪਾਟ ਸਰਦਾਰ ਜਾਣੇ, ਆਪਸ ਵਿਚ ਹੀ ਲੜਕੇ ਮਰਨਗੇ ਇਹ।
ਨਵਾਬ ਰਹੇਗਾ ਤਾਬਿਆਦਾਰ ਬਣਕੇ, ਚਾਟੀ ਆਪਣੀ ਆ ਕੇ ਭਰਨਗੇ ਇਹ।
ਹਰਚੰਦ ਸਿੰਘਾ ਨਵਾਬੀ ਨਾ ਖੁਸ ਜਾਏ, ਇਸ ਗੱਲ ਤੋਂ ਸਦਾ ਹੀ ਡਰਨਗੇ ਇਹ॥

### ਸਿੰਘ ਸਰਦਾਰਾਂ ਨੇ ਤੁਰਕਾਂ ਤੋਂ ਨਵਾਬੀ ਅਤੇ ਜਗੀਰ ਲੈਣੀ ਮੁੱਢੋਂ ਠੁਕਰਾ ਦਿੱਤੀ

1662 ਉਸ ਸਮੇਂ ਦੇ ਸਭ ਸਰਦਾਰਾਂ ਨੇ, ਸਵੇਗ ਸਿੰਘ ਨੂੰ ਸੱਚੀ ਸੁਣਾ ਦਿੱਤੀ।
ਸਾਨੂੰ ਗੁਰਾਂ ਨੇ ਦਿੱਤੀ ਬਾਦਸ਼ਾਹੀ, ਨਵਾਬੀ ਤੁਰਕ ਦੀ ਮੂਲੋਂ ਠੁਕਰਾ ਦਿੱਤੀ।
ਲੋੜ ਸਾਨੂੰ ਕਿਸੇ ਜਗੀਰ ਦੀ ਨੀ, ਰੱਸੀ ਗਲ ਗੁਲਾਮੀ ਦੀ ਪਾ ਦਿੱਤੀ।
ਹਰਚੰਦ ਸਿੰਘਾ ਆਪਣਾ ਰਾਜ ਲੈਣਾ, ਅਸੀਂ ਆਪਣੀ ਗੱਲ ਮੁਕਾ ਦਿੱਤੀ॥

### ਸਵੇਗ ਸਿੰਘ ਜੰਬਰ ਤੇ ਹੋਰ ਪਤਵੰਤੇ ਸੱਜਣਾਂ ਨੇ ਸਿੰਘਾਂ ਨੂੰ ਸਮਝਾਉਣਾ

1663 ਆਈ ਚੀਜ਼ ਨੂੰ ਘਰ ਤੋਂ ਮੋੜੀਏ ਨਾ, ਸਵੇਗ ਸਿੰਘ ਜੀ ਗੱਲ ਸਮਝਾਉਣ ਲੱਗਾ।
ਜੋਸ਼ ਵਿਚ ਹੋਸ਼ ਨੂੰ ਖੋਈਏ ਨਾ, ਸਹਿਜ ਨਾਲ ਸੀ ਉਹ ਮਨਾਉਣ ਲੱਗਾ।
ਵੈਰ ਛੱਡ ਕੇ ਦਿੱਲੀ ਦਾ ਬਾਦਸ਼ਾਹ ਹੈ, ਨੀਵਾਂ ਹੋ ਕੇ ਦੋਸਤੀ ਪਾਉਣ ਲੱਗਾ।
ਹਰਚੰਦ ਸਿੰਘਾ ਬੂਹਾ ਖੋਲ ਦੇਈਏ, ਜੇ ਸੁੱਖ ਹੈ ਘਰ ਨੂੰ ਆਉਣ ਲੱਗਾ॥

### ਜਦ ਕੋਈ ਸਰਦਾਰ ਨਵਾਬੀ ਲੈਣ ਲਈ ਤਿਆਰ ਨਾ ਹੋਇਆ ਤਾਂ ਇਹ ਇਕ ਸੇਵਕ ਦੇ ਪੱਲੇ ਪਾ ਦਿੱਤੀ

1664 ਨਵਾਬੀ ਵਾਸਤੇ ਸਰਦਾਰ ਕੋਈ ਮੰਨਿਆ ਨਾ, ਉਨ੍ਹਾਂ ਨਾਂਹ 'ਚ ਹੀ ਸਿਰ ਹਿਲਾਇਆ ਏ।
ਕਪੂਰ ਸਿੰਘ ਜੀ ਪੱਖਾ ਫੇਰਦੇ ਸੀ, ਉਨ੍ਹਾਂ ਉਸ ਨੂੰ ਕੋਲ ਬੁਲਾਇਆ ਏ।
ਪਟਾ ਭੇਜਿਆ ਜੋ ਨਵਾਬੀ ਦਾ, ਕਪੂਰ ਸਿੰਘ ਦੀ ਝੋਲੀ ਪਾਇਆ ਏ।
ਹਰਚੰਦ ਸਿੰਘਾ ਸੇਵਾ ਨੂੰ ਪਿਆ ਮੇਵਾ, ਨਵਾਬ ਕਪੂਰ ਸਿੰਘ ਬਣਾਇਆ ਏ॥

### ਸਿੰਘਾਂ ਨੇ ਇਸ ਸਮੇਂ ਦਾ ਲਾਹਾ ਲੈਣਾ

1665 ਇਸ ਗੱਲ ਦਾ ਸਿੰਘਾਂ ਨੇ ਲੈ ਲਾਹਾ, ਮਜਬੂਤ ਆਪਣੇ ਹੋਰ ਸੀ ਦਲ ਕੀਤੇ।
ਲੰਬੇ ਚੌੜੇ ਕੋਟ ਉਸਾਰ ਲਏ, ਮਸਲੇ ਆਪਣੇ ਹੋਰ ਕਈ ਹੱਲ ਕੀਤੇ।
ਘਰੇ ਘਰੀਂ ਗੱਭਰੂ ਪਰਤ ਆਏ, ਖਾਲੀ ਸਿੰਘਾਂ ਨੇ ਥਲ ਤੇ ਝੱਲ ਕੀਤੇ।
ਹਰਚੰਦ ਸਿੰਘਾ ਮੁਖਵਰਾਂ ਆਣ ਬਣੀ, ਨੇਜੇ ਮਾਰਕੇ ਕਈਆਂ ਦੇ ਸੱਲ ਕੀਤੇ॥

### ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਦੀਵਾਲੀ ਦਾ ਮੇਲਾ ਕਰਵਾਉਣ ਦੀ ਇਜਾਜ਼ਤ ਲਹੌਰ ਤੋਂ ਮੰਗੀ, ਪੰਜ ਹਜ਼ਾਰ ਰੁਪਏ ਦੇਣੇ ਕੀਤੇ

1666 ਮਨੀ ਸਿੰਘ ਦੇ ਮਨ ਵਿਚਾਰ ਆਏ, ਇਸ ਸਮੇਂ ਦਾ ਲਾਭ ਉਠਾਈਏ ਜੀ।
'ਬੰਦੀ ਛੋਡ' ਦਾ ਦਿਨ ਮਨਾਉਣ ਲਈ, ਮੇਲਾ ਭਰ ਦਿਵਾਲੀ ਦਾ ਲਾਈਏ ਜੀ।
ਆਉਣ ਸੰਗਤਾਂ ਚੱਲ ਕੇ ਦਰਸ਼ਨਾਂ ਨੂੰ, ਆਤਿਸ਼ਬਾਜ਼ੀ ਖੂਬ ਚਲਾਈਏ ਜੀ।
ਹਰਚੰਦ ਸਿੰਘਾ ਚਿਰਾਂ ਤੋਂ, 'ਨੇਰ ਪਿਆ, ਦੀਪ ਮਾਲਾ ਮੁੜ ਜਗਾਈਏ ਜੀ॥
1667 ਮੰਗੀ ਆਗਿਆ ਜਦ ਲਾਹੌਰ ਜਾ ਕੇ, ਦਾਮ ਮੰਗਿਆ ਪੰਜ ਹਜ਼ਾਰ ਮੀਆਂ।
ਭਾਈ ਸਾਹਿਬ ਨੇ ਦੇਣਾ ਮੰਨ ਲਿਆ, ਪੱਕੇ ਕਰ ਲਏ ਕੌਲ ਇਕਰਾਰ ਮੀਆਂ।
ਮੇਲੇ ਪਿੱਛੋਂ ਕਰ ਭੁਗਤਾਨ ਦੇਣਾ, ਅਸੀਂ ਰੱਖਣਾ ਨਹੀਂ ਉਧਾਰ ਮੀਆਂ।
ਹਰਚੰਦ ਸਿੰਘਾ, ਸਿੰਘਾਂ ਦੇ ਮਨ ਸੱਚੇ, ਬੇਈਮਾਨ ਸੀ ਦਿਲੋਂ ਸਰਕਾਰ ਮੀਆਂ॥

### ਜ਼ਕਰੀਆ ਖਾਂ ਨੇ ਦੀਵਾਲੀ ਸਮੇਂ ਇਕੱਠੇ ਹੋਏ ਸਿੰਘਾਂ ਨੂੰ ਖਤਮ ਕਰਨ ਦੀ ਬਦਨੀਤੀ ਅਪਨਾਉਣੀ

1668 ਸਫਾਈ ਸਾਰੇ ਸ਼ਹਿਰ ਦੀ ਹੋਣ ਲੱਗੀ, ਦਿਨ ਨੇੜੇ ਦੀਵਾਲੀ ਦੇ ਆਉਣ ਲੱਗੇ।
ਨਿਰਮਲ ਜਲ ਦੇ ਨਾਲ ਸੀ ਤਾਲ ਭਰਿਆ, ਦਰਬਾਰ ਸਾਹਿਬ ਨੂੰ ਸਿੰਘ ਸਜਾਉਣ ਲੱਗੇ।
ਬਦਨੀਤੀ ਮਨ ਲਹੌਰੀਆਂ ਦੇ, ਫੌਜਾਂ ਭਾਰੀਆਂ ਗਿਰਦ ਬਹਾਉਣ ਲੱਗੇ।
ਆਏ ਸਿੰਘਾਂ ਨੂੰ ਘੇਰ ਕੇ ਮਾਰ ਦੇਈਏ, ਹਰਚੰਦ ਸਿੰਘਾ ਬਣਤ ਬਣਾਉਣ ਲੱਗੇ॥
1669 ਮਨੀ ਸਿੰਘ ਨੂੰ ਇਸਦੀ ਖਬਰ ਹੋਈ, ਸੁਨੇਹੇ ਸੰਗਤਾਂ ਤਾਈਂ ਪੁਚਾ ਦਿੱਤੇ।
ਘੱਲੂਘਾਰਾ ਇੱਥੇ ਨਾ ਹੋ ਜਾਏ, ਮੇਲੇ ਆਉਣ ਤੋਂ ਸਭ ਹਟਾ ਦਿੱਤੇ।
ਭਾਈ ਸਾਹਿਬ ਨੇ ਪੈਸਾ ਤਾਰਿਆ ਨਾ, ਦੋਸ਼ ਉਸ ਤੇ ਤੁਰਕਾਂ ਲਾ ਦਿੱਤੇ।
ਹਰਚੰਦ ਸਿੰਘਾ 24 ਜੂਨ 1734 ਈ: ਨੂੰ, ਬੰਦ ਬੰਦ ਉਨ੍ਹਾਂ ਦੇ ਸਭ ਕਟਾ ਦਿੱਤੇ॥

### ਭਾਈ ਸਾਹਿਬ ਦੇ ਭਤੀਜੇ ਅੱਘੜ ਸਿੰਘ ਨੇ ਬਦਲਾ ਲੈਣਾ

1670 ਅੱਘੜ ਸਿੰਘ ਭਤੀਜਾ ਭਾਈ ਜੀ ਦਾ, ਉਨ੍ਹਾਂ ਕਰਕੇ ਬੋਲ ਪੁਗਾਇਆ ਏ।
ਗੁੱਸਾ ਖਾ ਕੇ ਝਪਟਿਆ ਵੈਰੀਆਂ ਨੂੰ, ਉਨ੍ਹਾਂ ਕੀਤੇ ਦਾ ਫਲ ਭੁਗਤਾਇਆ ਏ।
ਹਾਕਮ ਅਬਦੁੱਲ ਰਜਾਕ ਦੇ ਨਾਲ ਕਾਜ਼ੀ, ਉਨ੍ਹਾਂ ਭਾਲ ਕੇ ਮਾਰ ਮੁਕਾਇਆ ਏ।
ਹਰਚੰਦ ਸਿੰਘਾ ਹੋਏ ਹਾਲਾਤ ਮਾੜੇ, ਦਰਬਾਰ ਸਾਹਿਬ ਤੇ ਠਾਣਾ ਬਹਾਇਆ ਏ॥

### ਜੁਲਾਈ 1734 ਈ: ਨੂੰ ਸਿੰਘਾਂ ਦਾ ਦਲ ਵੱਡਾ ਹੋਣ ਕਰਕੇ ਇਸ ਦੇ ਦੋ ਦਲ ਬਣਾਏ ਗਏ ਬੁੱਢਾ ਦਲ ਅਤੇ ਤਰੁਣਾ ਦਲ

1671 ਸਿੱਖ ਸੇਵਕ ਸ੍ਰਦਾਰ ਕਪੂਰ ਸਿੰਘ ਜੀ, ਬੁੱਢੇ ਦਲ ਦੇ ਜਥੇਦਾਰ ਬਣੇ
ਬਾਘ ਸਿੰਘ ਤੇ ਹਰੀ ਸਿੰਘ ਭੰਗੀ, ਨਵਾਬ ਸਾਹਿਬ ਦੇ ਮੱਦਦਗਾਰ ਬਣੇ।
ਤਰੁਣਾ ਦਲ ਦੇ ਜਥੇ ਪੰਜ ਕੀਤੇ, ਪੰਜ ਇਨ੍ਹਾਂ ਦੇ ਜਥੇਦਾਰ ਬਣੇ।
ਦੀਪ ਸਿੰਘ, ਦਸੌਂਦਾ ਸਿੰਘ ਤੇ ਕਰਮ ਸਿੰਘ, ਮੀਰ ਸਿੰਘ ਕਾਨ੍ਹ ਸਿੰਘ ਮੁਖੀ ਸਰਦਾਰ ਬਣੇ॥

### ਮੁਗਲਾਂ ਦੀ ਕੂਟਨੀਤੀ ਕਰਕੇ ਥਾਂ ਥਾਂ ਬਗਾਵਤਾਂ ਸਿਰ ਚੁੱਕਣ ਲੱਗੀਆਂ

1672 ਦਿੱਲੀ ਵਿਚ ਰੰਗੀਲਾ ਬਾਦਸ਼ਾਹ ਸੀ, ਰੰਗ ਰਲੀਆਂ ਵਿਚ ਧਿਆਨ ਬੇਲੀ।
ਆਪ ਹੁਦਰੀਆਂ ਸਨ ਨਵਾਬ ਕਰਦੇ, ਔਖਾ ਕਰਨਾ ਸਭ ਬਿਆਨ ਬੇਲੀ।
ਜੋ ਬੀਜਣਾ ਉਹੀ ਕੱਟਣਾ ਏ, ਬਣੀ ਜੁੱਗਾਂ ਤੋਂ ਇਹ ਅਖਾਣ ਬੇਲੀ।
ਹਰਚੰਦ ਸਿੰਘਾ, ਸਿੰਘਾਂ-ਮਰਾਠਿਆਂ ਨੇ, ਔਖੀ ਕੀਤੀ ਇਨ੍ਹਾਂ ਦੀ ਜਾਨ ਬੇਲੀ॥

**(ਬਾਕੀ ਅਗਲੇ ਅੰਕ ਵਿਚ)**

49 YEARS OF EXCELLENCE THE LINK GROUP
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਨੁੱਖੀ ਸਾਂਝ ਦਾ ਸੰਦੇਸ਼ ਲੈ ਕੇ ਆਏ ਸਨ ਯਿਸੂ ਮਸੀਹ

ਪ੍ਰਭੂ ਯਿਸੂ ਮਸੀਹ ਦਾ ਸੱਚਮੁੱਚ ਇਕ ਅਨੋਖਾ ਪਿਆਰ ਹੈ ਕਿ ਉਹ ਸਵਰਗ ਦੀਆਂ ਸਾਰੀਆਂ ਸੁੱਖ-ਸਹੂਲਤਾਂ ਛੱਡ ਕੇ ਸਾਡੇ ਪਾਪ ਦੀ ਖਾਤਰ ਆਪ ਧਰਤੀ 'ਤੇ ਆਏ ਤਾਂ ਕਿ ਅਸੀਂ ਆਪਣਾ ਜੀਵਨ ਨੇਕ-ਨਾਮੀ, ਪਾਪ ਰਹਿਤ, ਨਿਰਵੈਰ, ਨੇਕ ਬਖਤ ਬਣ ਕੇ ਬਸਰ ਕਰੀਏ। ਖ਼ੁਦਾ ਕਰੇ ਇਹ ਵੱਡਾ ਦਿਨ ਪੂਰੇ ਸੰਸਾਰ ਲਈ ਅਮਨ-ਸ਼ਾਂਤੀ ਦਾ ਸੰਦੇਸ਼ ਲੈ ਕੇ ਆਵੇ, ਮੇਰੀ ਖ਼ੁਦਾਵੰਦ ਪ੍ਰਭੂ ਯਿਸੂ ਮਸੀਹ ਤੋਂ ਦੁਆ ਹੈ ਕਿ ਪੂਰੀ ਦੁਨੀਆ ਦੇ ਲੋਕ ਅਮਨ-ਅਮਾਨ ਨਾਲ ਆਪਣਾ ਜੀਵਨ ਬਸਰ ਕਰਨ। ਲੋਕ ਆਪਸੀ ਪ੍ਰੇਮ ਅਤੇ ਮਿਲਾਪ ਨਾਲ ਰਹਿਣ। ਪਵਿੱਤਰ ਬਾਈਬਲ ਦੱਸਦੀ ਹੈ ਕਿ ਮਨੁੱਖ ਕਦੇ ਵੀ ਆਨੰਦਤ ਨਹੀਂ ਰਿਹਾ। ਹਮੇਸ਼ਾ ਦੁੱਖ ਭਰੀ ਜ਼ਿੰਦਗੀ ਬਸਰ ਕਰ ਰਿਹਾ ਸੀ। ਕਦੇ ਉਹ ਕੁਝ ਕਰਦਾ ਅਤੇ ਕਦੇ ਕੁਝ ਕਰਦਾ ਸੀ। ਸ਼ੈਤਾਨ ਇਸ ਗੱਲ ਵਿਚ ਖੁਸ਼ ਸੀ ਕਿ ਉਹ ਮਾਨਵ ਜਾਤ ਵਿਚ ਖ਼ੁਦਾ ਦੇ ਸਰੂਪ ਨੂੰ ਵਿਗਾੜਨ ਵਿਚ ਸਫਲ ਹੋ ਰਿਹਾ ਸੀ। ਪਾਪ ਵਿਗਿਆਨ ਬਣ ਗਿਆ ਅਤੇ ਬੁਰਾਈ ਧਰਮ ਦਾ ਹਿੱਸਾ ਬਣ ਗਈ। ਮਨੁੱਖ ਬਾਗੀ ਹੋ ਕੇ ਖ਼ੁਦਾ ਦੇ ਦੁਸ਼ਮਣ ਬਣ ਗਏ ਸਨ। ਕਿਉਂਕਿ ਸ਼ੈਤਾਨ ਨਹੀਂ ਸੀ ਚਾਹੁੰਦਾ ਕਿ ਲੋਕ ਖ਼ੁਦਾ ਨੂੰ ਜਾਣਨ ਤੇ ਜਦੋਂ ਸਭ ਕੁਝ ਅਖੀਰ ਹੋ ਗਈ ਤਾਂ ਖ਼ੁਦਾ ਦਾ ਪੁੱਤਰ ਰੱਬੀ ਕ੍ਰਿਪਾ ਦਾ ਰਾਜਦੂਤ ਜਲਾਲ ਦਾ ਪਾਤਸ਼ਾਹ ਬਣ ਕੇ ਧਰਤੀ 'ਤੇ ਆਇਆ। ਪ੍ਰਭੂ ਯਿਸੂ ਮਸੀਹ ਦੇ ਜਨਮ ਬਾਰੇ ਜਿੰਨੇ ਵੀ ਨਬੀਆਂ ਨੇ ਭਵਿੱਖਬਾਣੀਆਂ ਕੀਤੀਆਂ, ਉਹ ਈਸਾ ਪੂਰਵ ਹੋਈਆਂ ਤੇ ਇਹ ਉਦੋਂ ਸੱਚ ਸਾਬਤ ਹੋਇਆ ਜਦੋਂ ਖ਼ੁਦਾ ਦੇ ਬਹੁਤ ਹੀ ਨਜ਼ਦੀਕ ਤੇ ਭਰੋਸੇਵੰਦ ਫਰਿਸ਼ਤੇ ਜਿਬਰਾਈਲ ਨੇ ਬੈਤਲਹਮ ਸ਼ਹਿਰ ਵਿਚ ਰਹਿਣ ਵਾਲੀ ਇਕ ਕੁਆਰੀ ਲੜਕੀ, ਜਿਸ ਦਾ ਨਾਂਅ ਮਰਿਅਮ, ਜੋ ਉਸ ਵੇਲੇ ਦੀਆਂ ਸਭ ਔਰਤਾਂ ਨਾਲੋਂ ਧਾਰਮਿਕ ਤੇ ਖ਼ੁਦਾ ਦੀ ਰਜ਼ਾ ਵਿਚ ਰਹਿਣ ਵਾਲੀ ਲੜਕੀ ਸੀ, ਫਰਿਸ਼ਤੇ ਨੇ ਆ ਕੇ ਉਸ ਨੂੰ ਸਲਾਮ ਕਿਹਾ ਕਿ ਤੂੰ ਖੁਦਾਵੰਦ ਦੀ ਪਵਿੱਤਰ ਆਤਮਾ ਨਾਲ ਇਕ ਬੱਚਾ ਜਣੇਗੀ, ਉਸ ਦਾ ਨਾਂਅ ਇਮਾਨੂਏਲ ਰੱਖਣਾ। ਉਹ ਸਾਰੀ ਦੁਨੀਆ ਦਾ ਮੁਕਤੀਦਾਤਾ ਹੋਵੇਗਾ। ਭਾਵੇਂ ਕੁਝ ਹੀ ਲੋਕ ਪ੍ਰਭੂ ਯਿਸੂ ਮਸੀਹ ਦੇ ਮਿਸ਼ਨ ਨੂੰ ਸਮਝੇ ਸਨ ਪਰ ਵੱਡੇ ਪੱਧਰ 'ਤੇ ਇਹ ਉਮੀਦ ਕੀਤੀ ਜਾਂਦੀ ਸੀ ਕਿ ਉਹ ਸ਼ਕਤੀਸ਼ਾਲੀ ਰਾਜਕੁਮਾਰ ਦੇ ਤੌਰ 'ਤੇ ਇਸਰਾਈਲ ਵਿਚ ਆਪਣਾ ਰਾਜ ਸਥਾਪਤ ਕਰੇਗਾ ਅਤੇ ਕੌਮਾਂ ਦਾ ਮੁਕਤੀਦਾਤਾ ਬਣ ਕੇ ਆਏਗਾ। ਪਵਿੱਤਰ ਬਾਈਬਲ ਦੀ ਗ਼ਲਾਤੀਆਂ ਪੁਸਤਕ 4-5 ਵਿਚ ਲਿਖਿਆ ਹੋਇਆ ਹੈ ਕਿ ਜਾਂ ਸਮਾਂ ਪੂਰਾ ਹੋਇਆ ਤਾਂ ਖ਼ੁਦਾਵੰਦ ਨੇ ਆਪਣੇ ਪੁੱਤਰ ਨੂੰ ਘੱਲਿਆ। ਸਵਰਗੀ ਸਭਾ ਵਿਚ ਮਸੀਹ ਦੇ ਆਉਣ ਦਾ ਸਮਾਂ ਤੈਅ ਕੀਤਾ ਜਾ ਚੁੱਕਾ ਸੀ। ਜਦ ਸਮੇਂ ਦੀ ਘੜੀ ਆਈ ਤਾਂ ਯਿਸੂ ਨੇ ਬੈਤਲਹਮ ਵਿਚ ਜਨਮ ਲਿਆ। ਉਸ ਦਾ ਸੰਸਾਰਕ ਜੀਵਨ ਬਹੁਤ ਹੀ ਕਠਿਨ, ਰੁਕਾਵਟਾਂ ਭਰਿਆ ਸੀ। ਉਸ ਦਾ ਜਲਾਲ ਇਸ ਲਈ ਢਕ ਦਿੱਤਾ ਗਿਆ ਸੀ ਤਾਂ ਕਿ ਉਸ ਦਾ ਬਾਹਰੀ ਸਰੂਪ, ਪ੍ਰਤਾਪ, ਆਕਰਸ਼ਣ ਦੀ ਚੀਜ਼ ਨਾ ਬਣ ਜਾਵੇ। ਉਸ ਨਾ ਆਪਣੇ ਬਾਹਰੀ ਪ੍ਰਦਰਸ਼ਨ ਨੂੰ ਤਿਆਗ ਦਿੱਤਾ। ਪ੍ਰਭੂ ਦੀ ਯੋਜਨਾ ਇਹ ਸੀ ਕਿ ਸੰਸਾਰਕ ਸੁਭਾਅ ਦੇ ਕਿਸੇ ਆਕਰਸ਼ਣ ਦੇ ਕਾਰਨ ਮਨੁੱਖ



ਉਸ ਵੱਲ ਨਾ ਆਉਣ ਬਲਕਿ ਜਿਹੜੇ ਉਸ ਦੇ ਪਿੱਛੇ ਚੱਲਣਾ ਚਾਹੁਣ, ਉਹ ਕੇਵਲ ਸਵਰਗੀ ਸਚਾਈ ਦੀ ਖੁਸਮਰੂਰੀ ਦੇ ਕਾਰਨ ਹੀ ਉਸ ਵੱਲ ਖਿੱਚੇ ਆਉਣ। ਪ੍ਰਭੂ ਯਿਸੂ ਦੇ ਸੁਭਾਅ ਅਤੇ ਆਚਰਨ ਦੇ ਬਾਰੇ ਪਵਿੱਤਰ ਬਾਈਬਲ ਵਿਚ ਲਿਖ ਦਿੱਤਾ ਗਿਆ ਸੀ, ਉਸ ਦਾ ਜਨਮ ਦਾਊਦ ਦੇ ਵੰਸ਼ ਵਿਚ ਇਕ ਕੁਆਰੀ ਦੀ ਕੁੱਖੋਂ ਹੋਵੇਗਾ ਤੇ ਉਸ ਦਾ ਨਾਂਅ ਇਮਾਨੂਏਲ ਰੱਖਿਆ ਜਾਵੇਗਾ। ਅਤੇ ਇਹ ਜ਼ਰੂਰੀ ਸੀ ਕਿ ਦਾਊਦ ਦਾ ਪੁੱਤਰ ਦਾਊਦ ਦੇ ਸ਼ਹਿਰ ਵਿਚ ਜਨਮ ਲਵੇ। ਖ਼ੁਦਾ ਦਾ ਨਬੀ ਮੀਕਾਹ 5 : 2 ਵਿਚ ਇੰਜ ਲਿਖਦੇ ਹਨ ਪਰ ਹੇ ਬੈਤਲਹਮ ਅਫਰਥਾਹ ਤੂੰ ਯਹੂਦਾ ਦੇ ਹਜ਼ਾਰਾਂ ਵਿਚੋਂ ਛੋਟਾ ਹੈ, ਤੈਥੋਂ ਇਕ ਮੇਰੇ ਲਈ ਨਿਕਲੇਗਾ ਜੋ ਇਸਰਾਈਲ ਵਿਚ ਹਾਕਮ ਹੋਵੇਗਾ, ਜਿਸ ਦਾ ਨਿਕਲਣਾ ਪ੍ਰਾਚੀਨ ਸਮੇਂ ਤੋਂ ਸਗੋਂ ਅਨਾਦਿ ਤੋਂ ਹੀ ਹੈ। ਉਸ ਦਾ ਜਨਮ ਸ਼ਾਹੀ ਵੰਸ਼ਾਵਲੀ ਵਿਚੋਂ ਹੋਵੇਗਾ। ਪਵਿੱਤਰ ਬਾਈਬਲ ਦੀ ਯਸਾਯਾਹ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਮੈਂ ਤਿਹਾਈ ਜ਼ਮੀਨ ਉਤੇ ਪਾਣੀ ਅਤੇ ਸੁੱਕੀ ਸੜੀ ਜ਼ਮੀਨ ਉਤੇ ਨਦੀਆਂ ਵਹਾਵਾਂਗਾ, ਸਚਿਆਰਾਂ ਲਈ ਹਨੇਰੇ ਵਿਚ ਚਾਨਣ ਚੜ੍ਹ ਆਉਂਦਾ ਹੈ। ਯਸਾਯਾਹ 44:3, ਮੈਂ ਆਪਣੀ ਆਤਮਾ ਤੇਰੀ ਅੰਸ਼ ਉਤੇ, ਤੇਰੀ ਸੰਤਾਨ ਉਤੇ ਆਪਣੀ ਬਰਕਤ ਵਹਾਵਾਂਗਾ। ਦੱਸਿਆ ਜਾਂਦਾ ਹੈ ਕਿ ਇਕ ਰਾਤ ਆਜੜੀ ਇੱਜੜ ਦੀ ਰਖਵਾਲੀ ਕਰ ਰਹੇ ਸਨ। ਰਾਤ ਦੀ ਖਾਮੋਸ਼ੀ ਵਿਚ ਉਹ ਮੁਕਤੀ ਦਾਤੇ ਬਾਰੇ ਗੱਲਾਂ ਕਰ ਰਹੇ ਸਨ ਅਤੇ ਦਾਊਦ ਦੇ ਸਿੰਘਾਸਨ 'ਤੇ ਆਉਣ ਵਾਲੇ ਪਾਤਸ਼ਾਹ ਲਈ ਪ੍ਰਾਰਥਨਾ ਕਰ ਰਹੇ ਸਨ। ਪ੍ਰਭੂ ਦਾ ਇਕ ਦੂਤ ਉਨ੍ਹਾਂ ਕੋਲ ਆਣ ਖਲੋਤਾ ਅਤੇ ਪ੍ਰਭੂ ਦਾ ਤੇਜ ਉਨ੍ਹਾਂ ਦੇ ਚੁਫੇਰੇ ਚਮਕਿਆ। ਉਹ ਬਹੁਤ ਡਰ ਗਏ। ਤਦ ਦੂਤ ਨੇ ਉਨ੍ਹਾਂ ਨੂੰ ਆਖਿਆ : ਨਾ ਡਰੋ ਕਿਉਂਕਿ ਮੈਂ ਤੁਹਾਨੂੰ ਵੱਡੀ ਖੁਸ਼ੀ ਦੀ ਖ਼ਬਰ ਸੁਣਾਉਂਦਾ ਹਾਂ, ਜੋ ਸਾਰੀ ਪਰਜਾ ਦੇ ਲਈ ਹੋਵੇਗੀ। ਭਈ ਦਾਊਦ ਦੇ ਨਗਰ ਅੱਜ ਤੁਹਾਡੇ ਲਈ ਇਕ ਮੁਕਤੀ ਦਾਤਾ ਪੈਦਾ ਹੋਇਆ ਹੈ, ਜਿਹੜਾ ਯਿਸੂ ਹੈ। ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਆਜੜੀਆਂ ਦਾ ਮਨ ਮਹਿਮਾ ਅਤੇ ਉਸਤਤ ਨਾਲ ਭਰ ਗਿਆ। ਇਸਰਾਈਲ ਲਈ ਮੁਕਤੀ ਦਾਤਾ ਆ ਗਿਆ ਸੀ। ਤੁਸੀਂ ਇਕ ਬਾਲਕ ਨੂੰ ਕੱਪੜੇ ਵਿਚ ਵਲੇਟਿਆ ਅਤੇ ਖੁਰਲੀ ਵਿਚ ਪਿਆ ਹੋਇਆ ਵੇਖੋਗੇ। ਸਵਰਗੀ ਦੂਤ ਨੇ ਉਨ੍ਹਾਂ ਦਾ ਸਾਰਾ ਡਰ ਖ਼ਤਮ ਕਰ ਦਿੱਤਾ, ਖ਼ੁਦਾ ਦੀਆਂ ਸੈਨਾਵਾਂ ਨਾਲ ਪੂਰਾ ਮੈਦਾਨ ਚਮਕ ਰਿਹਾ ਸੀ। ਧਰਤੀ ਖਾਮੋਸ਼ ਸੀ ਤੇ ਸਵਰਗ ਇਸ ਗੀਤ ਨੂੰ ਸੁਣਨ ਲਈ ਹੇਠਾਂ ਝੁਕਿਆ ਹੋਇਆ ਸੀ। ਮੈਂ ਵੱਡੀ ਭੀੜ ਦੀ ਆਵਾਜ਼ ਵਹਿ ਰਹੇ ਪਾਣੀ ਵਾਂਗ ਇਹ ਆਖਦੇ ਸੁਣੀ ਹਾਲੇਲੂਈਆ! ਪ੍ਰਭੂ ਸਾਡਾ ਖ਼ੁਦਾ ਸਰਬ ਸ਼ਕਤੀਮਾਨ ਰਾਜ ਕਰਦਾ ਹੈ ਪਰਕਾਸ਼ ਦੀ ਪੋਥੀ 19:6 ਬੈਤਲਹਮ ਦੀ ਕਹਾਣੀ ਸੱਚਮੁੱਚ ਅਜਿਹਾ ਵਿਸ਼ਾ ਹੈ ਜੋ ਕਦੇ ਵੀ ਖ਼ਤਮ ਨਹੀਂ ਹੋਵੇਗੀ। ਇਸ ਵਿਚ ਖੁਦਾਵੰਦ ਦਾ ਧਨ ਅਤੇ ਬੁੱਧ ਛੁਪੇ ਹੋਏ ਹਨ। ਪਵਿੱਤਰ ਬਾਈਬਲ ਰੋਮੀਆ 11:33 ਵਿਚ ਲਿਖਿਆ ਹੈ ਕਿ ਅਸੀਂ ਮੁਕਤੀ ਦਾਤਾ ਦੇ ਬਲਿਦਾਨ 'ਤੇ ਹੈਰਾਨ ਹੁੰਦੇ ਹਾਂ ਜਿਸ ਨੇ ਖੁਰਲੀ ਦੇ ਬਦਲੇ ਸਵਰਗ ਦਾ ਸਿੰਘਾਸਨ ਛੱਡ ਦਿੱਤਾ। ਅਤੇ ਉਪਾਸਨਾ ਕਰਨ ਵਾਲੇ ਸਵਰਗ ਦੂਤਾਂ ਨੂੰ ਛੱਡ ਕੇ ਤਬੇਲੇ ਵਿਚ ਆ ਗਿਆ। ਪ੍ਰਭੂ ਯਿਸੂ ਨੇ ਉਸ ਸਮੇਂ ਵਿਚ ਮਨੁੱਖ ਬਣਨ ਨੂੰ ਸਵੀਕਾਰ ਕੀਤਾ ਜਦ ਲਗਭਗ ਹਜ਼ਾਰਾਂ ਸਾਲਾਂ ਤੋਂ ਮਨੁੱਖ ਜਾਤ ਪਾਪ ਦੇ ਕਾਰਨ ਕਮਜ਼ੋਰ ਹੋ ਚੁੱਕੀ ਸੀ। ਉਹ ਸਾਡੇ ਨਾਲ ਦੁੱਖਾਂ ਅਤੇ ਅਜ਼ਮਾਇਸ਼ਾਂ ਦੀ ਵਿਰਾਸਤ ਸਾਂਝੀ ਕਰਨ ਅਤੇ ਸਾਨੂੰ ਪਾਪ ਰਹਿਤ ਜੀਵਨ ਦੀ ਮਿਸਾਲ ਦੇਣ ਵਾਸਤੇ ਆਇਆ। ਪਿਆਰੇ ਪਾਠਕੋ ਪ੍ਰਭੂ ਯਿਸੂ ਮਸੀਹ ਦਾ ਸੱਚਮੁੱਚ ਇਕ ਅਨੋਖਾ ਪਿਆਰ ਹੈ ਕਿ ਉਹ ਸਵਰਗ ਦੀਆਂ ਸਾਰੀਆਂ ਸੁੱਖ-ਸਹੂਲਤਾਂ ਛੱਡ ਕੇ ਸਾਡੇ ਪਾਪ ਦੀ ਖਾਤਰ ਆਪ ਧਰਤੀ 'ਤੇ ਆਏ ਤਾਂ ਕਿ ਅਸੀਂ ਆਪਣਾ ਜੀਵਨ ਨੇਕ-ਨਾਮੀ, ਪਾਪ ਰਹਿਤ, ਨਿਰਵੈਰ, ਨੇਕ ਬਖਤ ਬਣ ਕੇ ਬਸਰ ਕਰੀਏ। ਖ਼ੁਦਾ ਕਰੇ ਇਹ ਵੱਡਾ ਦਿਨ ਪੂਰੇ ਸੰਸਾਰ ਲਈ ਅਮਨ-ਸ਼ਾਂਤੀ ਦਾ ਸੰਦੇਸ਼ ਲੈ ਕੇ ਆਵੇ, ਮੇਰੀ ਖ਼ੁਦਾਵੰਦ ਪ੍ਰਭੂ ਯਿਸੂ ਮਸੀਹ ਤੋਂ ਦੁਆ ਹੈ ਕਿ ਪੂਰੀ ਦੁਨੀਆ ਦੇ ਲੋਕ ਅਮਨ-ਅਮਾਨ ਨਾਲ ਆਪਣਾ ਜੀਵਨ ਬਸਰ ਕਰਨ। ਲੋਕ ਆਪਸੀ ਪ੍ਰੇਮ ਅਤੇ ਮਿਲਾਪ ਨਾਲ ਰਹਿਣ। ਆਮੀਨ ਆਮੀਨ!

**—ਤਰਸੇਮ ਮਸੀਹ**

# ਇਮਾਨਦਾਰ ਕਰ ਦਾਤਾਵਾਂ ਦੇ ਅਦਾ ਟੈਕਸ ਦੀ ਲੁੱਟ-ਖਸੁੱਟ !

ਕੇਂਦਰੀ ਵਿਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਨੇ ਸੰਸਦ ਵਿਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵੱਡੇ ਕਾਰਪੋਰੇਟ ਅਦਾਰਿਆਂ ਦਾ 08, 48,186 ਕਰੋੜ ਰੁਪਏ ਦਾ ਕਰਜ਼ਾ (ਐਨ. ਪੀ. ਏ.) ਵੱਟੇ ਖਾਤੇ ਪਾਇਆ ਗਿਆ ਹੈ। ਕੇਂਦਰੀ ਵਿੱਤ ਮੰਤਰੀ ਨੇ ਰਾਜ ਸਭਾ ਵਿਚ ਇਕ ਲਿਖਤੀ ਉੱਤਰ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ। ਹੈਰਾਨੀ ਦੀ ਗੱਲ ਹੈ ਕਿ ਆਮ ਜਨਤਾ ਨੂੰ ਗੁੰਮਰਾਹ ਕੀਤਾ ਜਾਂਦਾ ਹੈ ਕਿ ਭਾਵੇਂ ਇਹ ਰਾਸ਼ੀ ਵੱਟੇ-ਖਾਤੇ ਪਾ ਦਿੱਤੀ ਗਈ ਹੈ ਪਰ ਕਰਜਦਾਰ ਕਰਜ਼ੇ ਤੋਂ ਸੁਰਖਰੂ ਨਹੀਂ ਹੁੰਦਾ। ਉਸ ਤੋਂ ਵਸੂਲੀ ਦੀ ਪ੍ਰਤੀਕ੍ਰਿਆ ਜਾਰੀ ਰੱਖੀ ਜਾਂਦੀ ਹੈ। ਜੇਕਰ ਅਜਿਹਾ ਹੈ ਤਾਂ ਫਿਰ ਇਹ ਕਰਜ਼ਾ ਪਹਿਲਾਂ ਹੀ ਕਿਉਂ ਨਹੀਂ ਵਸੂਲਿਆ ਜਾਂਦਾ। ਜੇਕਰ ਆਮ ਭਾਰਤੀ ਨਾਗਰਿਕ ਕਿਸੇ ਬੈਂਕ ਤੋਂ ਲਏ ਕਰਜ਼ੇ ਦੀਆਂ ਕਿਸ਼ਤਾਂ ਅਦਾ ਕਰਨ ਵਿਚ ਫੇਲ੍ਹ ਹੋ ਜਾਂਦਾ ਹੈ ਤਾਂ ਉਸ ਦੀ ਫੋਟੋ ਸਮੇਤ ਉਸ ਦੀ ਪੂਰੀ ਜਾਣਕਾਰੀ ਬੈਂਕ ਦੇ ਨੋਟਿਸ ਬੋਰਡ 'ਤੇ ਚਿਪਕਾ ਦਿੱਤੀ ਜਾਂਦੀ ਹੈ। ਵੱਡੇ-ਵੱਡੇ ਘਰਾਣਿਆਂ ਦਾ ਲੱਖਾਂ ਕਰੋੜ ਰੁਪਿਆ ਵੱਟ ਖਾਤੇ ਪਾ ਕੇ ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਗਾਈਡ ਲਾਈਨਜ਼ ਦਾ ਹਵਾਲਾ ਦਿੰਦੇ ਹੋਏ ਅਜਿਹੇ ਕਰਜ਼ਧਾਰੀਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ। ਸਰਕਾਰ ਦੀ ਗਲਤ ਕਾਰਜਸ਼ੈਲੀ ਕਰਕੇ ਕਈ ਬੈਂਕ ਦੀਵਾਲੀਏ ਹੋ ਰਹੇ ਹਨ। ਕੁੱਝ ਤੱਥਾਂ ਅਨੁਸਾਰ ਜੇ ਭਾਰਤ ਸਰਕਾਰ 31 ਦਸੰਬਰ, 21 ਤੱਕ 15 ਲੱਖ ਤੋਂ ਥੱਲੇ ਦਾ ਸਾਰਾ ਕਰਜ਼ਾ ਮੁਆਫ਼ ਕਰ ਦੇਵੇ ਤਾਂ ਇਹ ਸਾਰਾ ਕਰਜ਼ਾ 5 ਲੱਖ ਕਰੋੜ ਦੇ ਟੀਚੇ ਨੂੰ ਵੀ ਸ਼ਾਇਦ ਨਹੀਂ ਪਹੁੰਚ ਸਕੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਵੱਡੇ ਕਾਰਪੋਰਟ ਘਰਾਣਿਆਂ ਦੇ ਕਰਜ਼ੇ ਮੁਆਫ਼ ਕਰਨ ਦੀ ਬਜਾਏ ਦੇਸ਼ ਦੇ ਅੰਨਦਾਤੇ ਦੇ ਕਰਜ਼ੇ ਮੁਆਫ਼ ਕਰਨ ਦੀ ਪ੍ਰਤੀਕ੍ਰਿਆ ਨੂੰ ਅੱਗੇ ਵਧਾਵੇ। ਕਿਉਂਕਿ ਇਸ ਸਮੇਂ ਕਿਸਾਨ ਬਹੁਤ ਹੀ ਮੰਦਹਾਲੀ ਹਾਲਤ ਵਿਚ ਹੈ। ਇਮਾਨਦਾਰ ਕਰਦਾਤਾਵਾਂ ਵੱਲੋਂ ਜੋ ਪੈਸਾ ਟੈਕਸ ਦੇ ਰੂਪ ਵਿਚ ਭਰਿਆ ਜਾਂਦਾ ਹੈ ਉਸਦੀ ਯੋਗ ਵਰਤੋਂ ਕੀਤੀ ਜਾਵੇ। ਜਿਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਟੈਕਸ ਦੇ ਰੂਪ ਵਿਚ ਉਗਰਾਹਿਆ ਪੈਸਾ ਅੰਨ੍ਹੇਵਾਹ ਲੁਟਾਇਆ ਜਾ ਰਿਹਾ ਹੈ। ਉੱਥੇ ਸਾਡੇ ਰਾਜ ਵਿਚ ਵੀ ਇਸ਼ਤਿਹਾਰਬਾਜ਼ੀ ਤੇ ਹੀ ਕਰੀਬ 750 ਕਰੋੜ ਰੁਪਏ ਦਾ ਖਰਚਾ ਕਰ ਦਿੱਤਾ ਗਿਆ ਹੈ। ਵੱਡੇ ਦੁੱਖ ਦੀ



**ਦਵਿੰਦਰ ਸਿੰਘ ਆਹਲੂਵਾਲੀਆ**

**82838-25094**

ਗੱਲ ਹੈ ਕਿ ਬਹੁਤੇ ਇਸ਼ਤਿਹਾਰ ਪੰਜਾਬ ਤੋਂ ਬਾਹਰ ਦਿੱਤੇ ਗਏ। ਜਿਸ ਦੀ ਕੋਈ ਲੋੜ ਨਹੀਂ ਸੀ। ਇਸ ਦਾ ਮਤਲਬ ਐਸਤਨ 3 ਕਰੋੜ ਰੁਪਿਆ ਰੋਜ਼ਾਨਾ ਕੇਵਲ ਇਸ਼ਤਿਹਾਰਬਾਜ਼ੀ ਉੱਪਰ ਖਰਚ ਕੀਤਾ ਗਿਆ, ਜਿਸ ਦਾ ਵੱਡੇ ਕਾਰਪੋਰੇਟੀ ਘਰਾਣਿਆਂ ਨਾਲ ਸੰਬੰਧਿਤ ਪ੍ਰਿੰਟ ਮੀਡੀਆ, ਟੀ. ਵੀ. ਚੈਨਲਾਂ ਆਦਿ ਨੂੰ ਸਿੱਧਾ ਲਾਭ ਪਹੁੰਚਿਆ। ਇਸ ਸਾਰੇ ਗੋਰਖਧੰਦੇ ਵਿਚ ਹੋਰ ਕਿੰਨਾ ਨੇ ਹੱਥ ਰੰਗੇ ਇਹ ਵੀ ਇਕ ਜਾਂਚ ਦਾ ਵਿਸ਼ਾ ਹੈ। ਸਰਕਾਰ ਦੀਆਂ ਪ੍ਰਾਪਤੀਆਂ ਦਾ ਪ੍ਰਚਾਰ ਕਰਨ ਲਈ ਇਸ਼ਤਿਹਾਰਬਾਜ਼ੀ ਦੀ ਨਹੀਂ ਸਗੋਂ ਕਿਰਤੀ, ਮਜ਼ਦੂਰਾਂ, ਸਰਕਾਰੀ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਮੰਨ ਕਿ ਲੋਕਾਂ ਦੇ ਦਿਲਾਂ ਵਿਚ ਵੱਸਣ ਦੀ ਜ਼ਰੂਰਤ ਹੈ। ਇਸ ਤਰੀਕੇ ਨਾਲ ਹੀ ਇਮਾਨਦਾਰ ਕਰਦਾਤਾਵਾਂ ਵੱਲੋਂ ਭਰੇ ਗਏ ਟੈਕਸਾਂ ਦੀ ਸੁਚਾਰੂ ਵਰਤੋਂ ਹੋ ਸਕੇਗੀ। ਲੋਕਾਂ ਨੂੰ ਚੰਗੀ ਸਿਹਤ ਸਹੂਲਤਾਂ ਅਤੇ ਮਿਆਰੀ ਸਿੱਖਿਆ ਦੇ ਨਾਲ-ਨਾਲ ਰੁਜ਼ਗਾਰ ਦੇਣਾ ਸਰਕਾਰ ਦੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਮੁਫ਼ਤਖੋਰੀ ਸੱਭਿਆਚਾਰ ਨੂੰ ਠੱਲ ਪਾਉਣਾ ਸਮੇਂ ਦੀ ਵੱਡੀ ਲੋੜ ਹੈ। ਕੇਵਲ ਵੱਡੇ ਕਾਰਪੋਰੇਟ ਘਰਾਣਿਆਂ ਅਤੇ ਮੁਫ਼ਤ ਦੀਆਂ ਸਹੂਲਤਾਂ ਲਈ ਜਨਤਕ ਧੰਨ ਦੀ ਕੁਵਰਤੋਂ ਹਰਗਿਜ਼ ਜਾਇਜ਼ ਨਹੀਂ ਕਹੀ ਜਾ ਸਕਦੀ। ਅਸੀਂ ਸਰਾਕਰ ਨੂੰ ਸਲਾਹ ਦਿਆਂਗੇ ਕਿ ਲੋਕ ਪੱਖੀ ਨੀਤੀਆਂ ਘੜਦੇ ਸਮੇਂ ਮੁਫ਼ਤਖੋਰੀ ਦੇ ਵਾਅਦਿਆਂ ਤੇ ਲਗਾਮ ਕੱਸਕੇ ਜਨਤਕ ਪੈਸੇ ਦੀ ਉਚਿਤ ਵਰਤੋਂ ਕੀਤੀ ਜਾਵੇ। ਪੰਜਾਬ ਸਰਕਾਰ ਦੇ ਮੁਲਾਜ਼ਮਾਂ ਤੋਂ ਇਲਾਵਾ ਹਰ ਵਰਗ ਮੌਜੂਦਾ ਸਰਕਾਰ ਦੀ ਕਾਰਜਸ਼ੈਲੀ ਨੂੰ ਗੁੰਮਰਾਹਪੂਰਨ ਦੱਸ ਰਿਹਾ ਹੈ। ਇਸ ਤਰ੍ਹਾਂ ਦੀ ਬਣ ਰਹੀ ਸਥਿਤੀ ਨੂੰ ਠੱਲ ਪਾਉਣ ਲਈ ਪੰਜਾਬ ਸਰਕਾਰ ਨੂੰ ਕਿਰਤੀ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਜਾਇਜ਼ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ ਅਤੇ ਲੋਕਹਿਤੂ ਨੀਤੀਆਂ ਘੜਨ ਲਈ ਲੋਕ ਹਿਤੂ ਨੁਮਾਇੰਦਿਆਂ ਦੀ ਸਲਾਹ ਲੈਣੀ ਚਾਹੀਦੀ ਹੈ। ਜਦ ਆਮ ਲੋਕਾਂ ਦੀਆਂ ਮੰਗਾਂ ਪੂਰੀਆਂ ਹੋਣ ਲੱਗ ਪਈਆਂ ਤਾਂ ਫਿਰ ਇੰਨੇ ਮਹਿੰਗੇ ਲੋਕ ਲੁਭਾਉ ਇਸ਼ਤਿਹਾਰ ਦੇਣ ਦੀ ਲੋੜ ਨਹੀਂ ਪਵੇਗੀ ਅਤੇ ਅਜਾਈਂ ਜਾ ਰਿਹਾ ਇਹ ਧਨ ਜਨਹਿਤ ਸਕੀਮਾਂ ਲਈ ਵਰਤਿਆ ਜਾ ਸਕੇਗਾ।



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ    ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸਪੰਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9" , ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ: 778-361-2200

### ਕੰਨਿਆਂ ਦੀ ਲੋੜ

ਜੱਟ ਸਿੱਖ ਭੁੱਲਰ ਲੜਕਾ, ਉਮਰ 35, ਕੱਦ 5"5', ਐਮਐਸਸੀ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ
ਸੰਪਰਕ ਕਰੋ: 236-881-7405

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

### ਵਰ ਦੀ ਲੋੜ

ਜੱਟ ਸਿੱਖ ਭੁੱਲਰ ਲੜਕੀ, ਉਮਰ 35, ਕੱਦ 5"3', ਐਮਸੀਏ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 236-881-7405

### ਲੜਕੀ ਦੀ ਲੋੜ

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੌਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ/ਵਰਕ ਪਰਮਿਟ ਹੌਲਡਰ ਜੀਵਨ ਸਾਥਣ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ 604-761-8454, 778-837-3502

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਸਿਟੀਜ਼ਨ, ਉਮਰ 28 ਸਾਲ ਕੱਦ 5'6", ਆਈ.ਸੀ ਬੀ ਸੀ 'ਚ ਜੌਬ ਕਰਦੀ ਲੜਕੀ ਵਾਸਤੇ ਪੀ.ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ- ਫੋਨ 236-591-2719, 91-77105-45804 (ਵਟਸਐਪ)

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਗਾ । ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-
604-339-2389

# ਚੜ੍ਹਦੀ ਕਲਾ ਦਾ ਪ੍ਰਤੀਕ ਹੈ ਸਾਹਿਬਜ਼ਾਦਿਆਂ ਦੀ ਸ਼ਹਾਦਤ

ਖ਼ਾਲਸਾ ਪੰਥ ਦੇ ਸੁਨਹਿਰੀ ਇਤਿਹਾਸ ਦੀ ਇੱਕ ਅਹਿਮ ਕੜੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਜੁੜਦੀ ਹੈ। ਇਸ ਲਾਸਾਨੀ ਸ਼ਹਾਦਤ ਨੂੰ ਖ਼ਾਲਸਾ ਪੰਥ ਹਰ ਸਾਲ ਮਨਾਉਂਦਾ ਹੈ। ਮਨਾਉਣ ਤੋਂ ਭਾਵ ਯਾਦ ਕਰਨਾ - ਯਾਦ ਕਰਨਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚਾਰ ਸਾਹਿਬਜ਼ਾਦੇ ਸਾਡੇ



ਵਾਸਤੇ ਵਾਰ ਦਿੱਤੇ ਜਿਸਦੀ ਗਵਾਹੀ ਗੁਰੂ ਸਾਹਿਬ ਖ਼ੁਦ ਆਪਣੀ ਕਲਮ ਨਾਲ ਜ਼ਫ਼ਰਨਾਮੇ ਵਿੱਚ ਦਿੰਦੇ ਹਨ। ਜ਼ਫ਼ਰਨਾਮਾ, ਯਾਨੀ ਜਿੱਤ ਦੀ ਚਿੱਠੀ ਜਿਸ ਨੂੰ ਗੁਰੂ ਸਾਹਿਬ ਨੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਲਿਖਿਆ। ਉਹ ਸੋਗ ਦੀ ਚਿੱਠੀ ਨਹੀਂ ਬਲਕਿ ਚੜ੍ਹਦੀ ਕਲਾ ਦਾ ਪ੍ਰਤੀਕ, ਅਕਾਲ ਪੁਰਖ ਵੱਲ ਸ਼ੁਕਰਾਨੇ ਦੀ ਚਿੱਠੀ ਸੀ। ਫਾਰਸੀ ਵਿੱਚ ਲਿਖੀ ਇਹ ਇਤਿਹਾਸਕ ਚਿੱਠੀ ਉਹ ਦਸਤਾਵੇਜ਼ ਹੈ ਜੋ ਇਨਸਾਨੀ ਪੈਮਾਨਿਆਂ ਨਾਲ ਮਿਣੇ ਜਜ਼ਬਾਤ ਨੂੰ ਚੂਰ ਕੇ ਰੱਖ ਦਿੰਦੀ ਹੈ। ਇਹ ਚਿੱਠੀ ਕੋਈ 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਯਿਉ' ਹੀ ਲਿਖ ਸਕਦਾ ਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣ ਦਿੱਤੇ ਗਏ, ਵੱਡੇ ਸਾਹਿਬਜ਼ਾਦੇ ਆਪਣੇ ਪਿਤਾ ਸਤਿਗੁਰੂ ਦੇ ਪਾਵਨ ਬਚਨਾਂ 'ਸ਼ੱਸਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਤਉ ਸਾਚ ਪਤੀਜੈਂ' 'ਤੇ ਖਰਾ ਉਤਰਦਿਆਂ ਸ਼ਹਾਦਤ ਪਾ ਗਏ। ਪਰਿਵਾਰ ਵਿੱਛੜ ਗਿਆ, ਸਿੱਖ ਵਿੱਛੜ ਗਏ, ਦੁਨਿਆਵੀ ਤੌਰ 'ਤੇ ਗੁਰੂ ਸਾਹਿਬ ਕੋਲ ਕੁਝ ਨਹੀਂ ਰਿਹਾ। ਪਰ ਜ਼ਫ਼ਰਨਾਮੇ ਦੇ ਪਹਿਲੇ ਬੰਦਾਂ ਵਿੱਚ ਗੁਰੂ ਸਾਹਿਬ ਅਕਾਲਪੁਰਖ ਨਾਲ ਗਿਲਾ ਨਹੀਂ, ਬਲਕਿ ਉਸਦਾ ਸ਼ੁਕਰਾਨਾ ਕਰਦੇ ਹਨ। ਗੁਰੂ ਸਾਹਿਬ ਫਰਮਾਉਂਦੇ ਹਨ।

**ਕਮਾਲੇ ਕਰਾਮਾਤ ਕਾਯਮ ਕਰੀਮ ॥**
**ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾਕੋ ਰਹੀਮ ॥੧॥**

ਅਕਾਲ ਪੁਰਖ ਕਮਾਲਾਂ ਅਤੇ ਕਰਾਮਾਤਾਂ ਕਰਨ ਵਾਲਾ ਹੈ। ਉਹ ਬਖ਼ਸ਼ਣਹਾਰ ਹੈ ਅਤੇ ਰਜ਼ਾ ਅਤੇ ਪਿਆਰ ਦਾ ਪੁੰਜ ਹੈ। ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ:

**ਅਮਾਂ ਬਖ਼ਸ਼ੋ ਬਖ਼ਸ਼ਿੰਦ ਓ ਦਸਤਗੀਰ ॥**
**ਰਜ਼ਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ ॥੨॥**

ਅਕਾਲਪੁਰਖ ਬਖ਼ਸ਼ਿਸ਼ਾਂ ਕਰਨ ਵਾਲਾ ਹੈ। ਉਹ ਦਇਆਵਾਨ ਹੈ ਅਤੇ ਲੋੜਵੰਦਾਂ ਦੀ ਬਾਂਹ ਪਕੜਣ ਵਾਲਾ ਹੈ। ਉਹ ਸਭ ਨੂੰ ਰੋਜ਼ੀ ਦੇਣ ਵਾਲਾ ਅਤੇ ਉਨ੍ਹਾਂ ਦੇ ਦਿਲਾਂ ਵਿੱਚ ਖ਼ੁਸ਼ੀਆਂ ਬਖ਼ਸ਼ਣ ਵਾਲਾ ਹੈ। ਅਜਿਹੇ ਹਨ ਸਾਡੇ ਸਤਿਗੁਰੂ ਜਿਹੜੇ ਸਾਨੂੰ ਸਿਰਫ਼ ਚੜ੍ਹਦੀਆਂ ਕਲਾਵਾਂ ਵਿੱਚ ਰਹਿਣ ਦਾ ਸੁਨੇਹਾ ਹੀ ਨਹੀਂ ਦਿੰਦੇ, ਪਰ ਆਪ ਉਸ ਵਿੱਚ ਵਿਚਰ ਕੇ ਸਾਨੂੰ ਉਸ ਵਿੱਚ ਵਿਚਰਨ ਦੀ ਜਾਚ ਵੀ ਸਿਖਾਉਂਦੇ ਹਨ। ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਜਦੋਂ ਕਲਗੀਆਂ ਵਾਲੇ ਖ਼ਾਲਸੇ ਦਾ ਜ਼ਿਕਰ ਜ਼ਫ਼ਰਨਾਮੇ ਵਿੱਚ ਕਰਦੇ ਹਨ ਤਾਂ ਉਹ ਜ਼ਿਕਰ ਇੱਕ ਭਰੋਸੇ ਦਾ ਹੁੰਦਾ ਹੈ। ਉਹ ਭਰੋਸਾ ਕਿ ਭਾਵੇਂ ਸਾਹਿਬਜ਼ਾਦੇ ਸ਼ਹੀਦ ਹੋ ਗਏ, ਪਰ ਮੇਰਾ ਖ਼ਾਲਸਾ ਅਜੇ ਜਿਉਂਦਾ ਹੈ ਅਤੇ ਸੱਚ ਦੇ ਮਾਰਗ 'ਤੇ ਤੁਰਦਿਆਂ ਉਹ ਕਦੇ ਡੋਲੇਗਾ ਨਹੀਂ। ਗੁਰੂ ਸਾਹਿਬ ਦੀ ਔਰੰਗਜ਼ੇਬ ਨੂੰ ਲਲਕਾਰ:

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥**
**ਕਿ ਬਾਕੀ ਬਿਮਾਂਦਅਸਤੁ ਪੇਚੀਦਹ ਮਾਰ ॥੭੮॥**

(ਹੇ ਔਰੰਗਜ਼ੇਬ) ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ ਅਜੇ ਮੇਰਾ ਨਾਗ ਰੂਪੀ ਖ਼ਾਲਸਾ ਜਿਉਂਦਾ ਹੈ।

**ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ ॥**
**ਕਿ ਆਤਿਸ਼ ਦਮਾਂ ਰਾ ਫ਼ਰੋਜ਼ਾਂ ਕੁਨੀ ॥੭੯॥**

ਇਹ ਕਿਹੋ ਜਿਹੀ ਬਹਾਦਰੀ ਹੈ ਕਿ ਤੂੰ ਚਾਰ ਚਿੰਗਾੜੀਆਂ ਨੂੰ ਬੁਝਾ ਕੇ ਇੱਕ ਵੱਡੀ ਅੱਗ (ਖ਼ਾਲਸੇ) ਨੂੰ ਹਵਾ ਦੇ ਦਿੱਤੀ ਹੈ। ਇਹ ਭਰੋਸਾ ਸੀ ਸਤਿਗੁਰੂ ਦਾ ਖ਼ਾਲਸੇ ਉੱਪਰ। ਭਰੋਸਾ ਕਿ ਭਾਵੇਂ ਔਰੰਗਜ਼ੇਬ ਨੇ ਚਾਰ ਸਾਹਿਬਜ਼ਾਦੇ ਸ਼ਹੀਦ ਕਰ ਦਿੱਤੇ, ਪਰ ਖ਼ਾਲਸਾ ਅਜੇ ਜਿਉਂਦਾ ਹੈ ਅਤੇ ਆਉਣ ਵਾਲੇ ਸਮਿਆਂ ਵਿੱਚ ਇਹ ਖ਼ਾਲਸਾ ਹਰ ਔਕੜ ਨੂੰ ਖਿੜੇ ਮੱਥੇ ਪ੍ਰਵਾਨ ਕਰੇਗਾ। ਸਾਹਿਬਜ਼ਾਦਿਆਂ ਦੀ ਸ਼ਹੀਦੀ ਸੋਗ ਦਾ ਪ੍ਰਤੀਕ ਨਹੀਂ, ਨਾ ਹੀ ਅਸੀਂ ਇਸ ਸ਼ਹਾਦਤ ਨੂੰ ਸੋਗ ਵਿੱਚ ਬਦਲ ਕੇ ਉਸ ਦਾ ਅਪਮਾਨ ਕਰਨਾ ਹੈ। ਇਹ ਲਾਸਾਨੀ ਸ਼ਹਾਦਤ ਸੱਚ ਦੀ ਝੂਠ ਉੱਤੇ ਜਿੱਤ ਦਾ ਪ੍ਰਤੀਕ ਹੈ। ਇਹ ਬਲੀਦਾਨ ਦਾ ਪ੍ਰਤੀਕ ਹੈ। ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਗੁਰੂ ਸਾਹਿਬ ਦਾ ਖ਼ਾਲਸੇ ਉੱਤੇ ਭਰੋਸੇ ਦਾ ਪ੍ਰਤੀਕ ਹੈ। ਅਤੇ ਨਾ ਹੀ ਅਸੀਂ ਇਸ ਇਤਿਹਾਸਕ ਦਿਹਾੜੇ ਨੂੰ ਗਮੀ ਅਤੇ ਸੋਗ ਵਿੱਚ ਗੁਜ਼ਾਰੀਏ। ਖ਼ਾਲਸਾ ਤਾਂ ਸ਼ਹੀਦੀ ਦਿਹਾੜੀਆਂ 'ਤੇ ਜੋੜ ਮੇਲੇ ਮਨਾਉਂਦਾ ਹੈ।

**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥**
**ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥**
**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ**
**ਕਤ ਆਵੈ ਕਤ ਰਮਤੈ ॥੨॥੩॥੨੨॥** [ਅੰਗ ੧੩੦੨]

ਗੁਰੂ ਕੇ ਸਿੱਖ ਵਾਸਤੇ ਦੁੱਖ ਅਤੇ ਸੁੱਖ ਵਿੱਚ ਕੋਈ ਜ਼ਿਆਦਾ ਅੰਤਰ ਨਹੀਂ। ਇਸੇ ਕਰਕੇ ਖ਼ਾਲਸੇ ਦੀ ਨਿੱਤ ਦੀ ਅਰਦਾਸ ਅਕਾਲ ਪੁਰਖ ਅੱਗੇ ਭਾਣਾ ਮੰਨਣ ਦੀ ਹੁੰਦੀ ਹੈ। ਇਹ ਹੈ ਗੁਰੂ ਸਾਹਿਬਾਨ ਦੀ ਛੋਹ ਪ੍ਰਾਪਤ ਚੜ੍ਹਦੀ ਕਲਾ ਜਿਹੜੀ ਉਨ੍ਹਾਂ ਸਾਡੀ ਝੋਲੀ ਪਾਈ ਹੈ। ਸਾਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਆਪਣੇ ਹਿਰਦਿਆਂ ਵਿੱਚ ਵਸਾਉਣ ਅਤੇ ਗੁਰੂ ਪਿਤਾ ਕੋਲ ਅਰਦਾਸ ਕਰਨ ਦੀ ਲੋੜ ਹੈ ਕਿ 'ਹੇ ਕਲਗੀਆਂ ਵਾਲਿਆ ਜਿਹੜਾ ਭਰੋਸਾ ਤੂੰ ਸਾਡੇ 'ਤੇ ਰੱਖਿਆ, ਅੱਜ ਉਸ ਭਰੋਸੇ 'ਤੇ ਖਰਾ ਉਤਰਨ ਦਾ ਬਲ ਬਖ਼ਸ਼। ਇਸ ਵਿੱਚ ਸਾਡੇ ਦੋਨਾਂ ਦੀ ਜਵਾਬਦੇਹੀ ਹੈ।'

**—ਡਾ. ਰਿਪੁਦਮਨ ਸਿੰਘ (ਡੈਨਮਾਰਕ)**


NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor



METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

## ਤੇਰੀ ਕੌਮ ਵੇਖ ਲੈ ਲੜਦੀ ਕੁਰਸੀਆਂ ਬੈਂਚਾਂ ਲਈ

ਘੁੰਮੀ ਜਾਂਦੇ ਨਿੱਤ ਹੀ ਮਣਕੇ ਮਾਲਾ ਦੇ
ਬਾਜਾਂ ਵਾਲਿਆ ਫਿਰ ਵੀ ਅੰਦਰ ਕਾਲਾ ਏ
ਬਾਹਰੋਂ ਜੁੜਕੇ ਬੈਠੇ ਅੰਦਰ ਜੁੜਿਆ ਨਹੀਂ
ਬੜਾ ਜੋੜ ਲਿਆ ਏ ਪੈਸਾ ਆਪਾਂ ਬੈਂਕਾਂ ਲਈ
ਤੂੰ ਲੜਿਆ ਸੀ ਬਾਜਾਂ ਵਾਲਿਆ ਕੌਮ ਲਈ
ਤੇਰੀ ਕੌਮ ਵੇਖ ਲੈ ਲੜਦੀ ,ਕੁਰਸੀਆਂ ਬੈਂਚਾਂ ਲਈ

ਚੌਧਰ ਖਾਤਿਰ ਨਿੱਤ ਹੀ ਖੌਰੂ ਪਾਉਨੇ ਆਂ
ਗੁਰੂ ਘਰਾਂ ਵਿਚ ਲੜ ਕੇ ਪੱਗਾਂ ਲਾਹਨੇ ਆਂ
ਗੋਲਕ ਢੋਲਕ ਹਾਵੀ ਹੋ ਗਏ ਸਾਡੇ ਤੇ
ਲੜ ਲੜ ਆਪਾਂ ਮਰੀਏ ,ਡਾਲਰ ਸੈਂਟਾਂ ਲਈ
ਤੂੰ ਲੜਿਆ ਸੀ ਬਾਜਾਂ ਵਾਲਿਆ ਕੌਮ ਲਈ
ਤੇਰੀ ਕੌਮ ਵੇਖ ਲੈ ਲੜਦੀ ਕੁਰਸੀਆਂ ਬੈਂਚਾਂ ਲਈ

ਛੱਡਤੀ ਆਪਾਂ ਦਾਰੂ ,ਆਕੜ ਛੱਡੀ ਨਹੀਂ
ਖਾਰ ਈਰਖਾ ਨਿੰਦਿਆ ,ਅੰਦਰੋਂ ਕੱਢੀ ਨਹੀਂ
ਡਾਣਸੀਵਾਲੀਆ ਕਿੱਦਾਂ ਭੁੱਲੀਏ ਬੁੱਚੜਾਂ ਨੂੰ
ਪੁੱਤ ਮਾਰਤੇ ਜਿਹਨਾਂ ,ਫ਼ੀਤੀਆਂ ਰੈਂਕਾਂ ਲਈ
ਬਾਜਾਂ ਵਾਲਿਆ ਤੂੰ ਲੜਿਆ ਸੀ ਕੌਮ ਲਈ
ਤੇਰੀ ਕੌਮ ਵੇਖ ਲੈ ਲੜਦੀ ਤੱਪੜਾਂ ਬੈਂਚਾਂ ਲਈ

—ਕੁਲਵੀਰ ਸਿੰਘ ਡਾਨਸੀਵਾਲ
778-863-2472

# ਸੁਖਬੀਰ ਵੱਲੋਂ ਭਗਵੰਤ ਮਾਨ ਉਪਰ ਸ਼ਰਾਬ ਫੈਕਟਰੀ ਦੇ ਮਾਲਕਾਂ ਦਾ ਪੱਖ ਪੂਰਨ ਦੇ ਦੋਸ਼

## ਸ਼ਰਾਬ ਫੈਕਟਰੀ ਬੰਦ ਕਰਵਾਉਣ ਲਈ ਚੱਲ ਰਿਹਾ ਹੈ ਮੋਰਚਾ



ਚੰਡੀਗੜ੍ਹ–ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਆਖਿਆ ਕਿ ਉਹ ਜ਼ੀਰਾ ਵਿੱਚ ਸ਼ਰਾਬ ਫੈਕਟਰੀ ਦੇ ਮਾਲਕਾਂ ਦਾ ਪੱਖ ਪੂਰਨ ਨਾਲੋਂ ਆਮ ਲੋਕਾਂ ਦੀਆਂ ਜਾਨਾਂ ਬਚਾਉਣ ਨੂੰ ਤਰਜੀਹ ਦੇਣ ਅਤੇ ਪ੍ਰਦੂਸ਼ਿਤ ਹੋ ਰਹੇ ਜ਼ਮੀਨ ਹੇਠਲੇ ਪਾਣੀ ਦੀ ਸਮੱਸਿਆ ਨਾਲ ਨਜਿੱਠਣ ਲਈ ਜੰਗੀ ਪੱਧਰ 'ਤੇ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਮਾਲਬਰੋਜ਼ ਸ਼ਰਾਬ ਫੈਕਟਰੀ ਖ਼ਿਲਾਫ਼ ਧਰਨੇ ਨੂੰ 150 ਤੋਂ ਵੱਧ ਦਿਨ ਹੋ ਗਏ ਹਨ ਅਤੇ ਮਨੁੱਖੀ ਜਾਨਾਂ ਦੀ ਚਿੰਤਾ ਨੂੰ ਦੇਖਦਿਆਂ ਇਹ ਧਰਨਾ ਪੂਰੀ ਤਰ੍ਹਾਂ ਵਾਜਬ ਹੈ। ਉਨ੍ਹਾਂ ਆਖਿਆ ਕਿ ਅਕਾਲੀ ਦਲ ਸ਼ਰਾਬ ਫੈਕਟਰੀ ਬੰਦ ਕਰਵਾਉਣ ਲਈ ਬਣਾਏ ਗਏ ਸਾਂਝੇ ਫਰੰਟ ਦੀ ਹਮਾਇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਇਲਾਕਾ ਵਾਸੀਆਂ ਦਾ ਦਾਅਵਾ ਹੈ ਕਿ ਧਰਤੀ ਹੇਠਲਾ ਪਾਣੀ 650 ਫੁੱਟ ਤੱਕ ਪ੍ਰਦੂਸ਼ਿਤ ਹੋ ਚੁੱਕਾ ਹੈ। ਸੁਖਬੀਰ ਨੇ ਕਿਹਾ ਕਿ ਮੁੱਖ ਮੰਤਰੀ ਲੋਕਾਂ ਦੀ ਆਵਾਜ਼ ਸੁਣਨ ਦੀ ਥਾਂ ਕਥਿਤ ਸ਼ਰਾਬ ਫੈਕਟਰੀ ਦੇ ਮਾਲਕਾਂ ਦਾ ਪੱਖ ਪੂਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਹਾਈ ਕੋਰਟ ਵਿੱਚ ਲੋਕਾਂ ਦੇ ਪੱਖ ਦੀ ਨੁਮਾਇੰਦਗੀ ਨਹੀਂ ਕਰ ਰਹੀ। ਉਨ੍ਹਾਂ ਆਖਿਆ ਮੁੱਖ ਮੰਤਰੀ ਪੀੜਤਾਂ ਨੂੰ ਮੂਰਖ ਬਣਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਲੋਕਾਂ ਨਾਲ ਕੀਤੇ ਵਾਅਦੇ ਤੋਂ ਪਿੱਛੇ ਕਿਉਂ ਹਟੇ ਹਨ ਤੇ ਕਿਉਂ ਪਿੰਡਾਂ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਨਹੀਂ ਕੀਤੀ ਜਾ ਰਹੀ? ਉਨ੍ਹਾਂ ਆਖਿਆ ਕਿ ਸਰਕਾਰ ਨੂੰ ਜਬਰ ਤੇ ਧੱਕੇਸ਼ਾਹੀ ਦੀ ਬਜਾਏ ਗੱਲਬਾਤ ਰਾਹੀਂ ਮਸਲਾ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਲੋਕਾਂ ਖ਼ਿਲਾਫ਼ ਪੁਲੀਸ ਬਲ ਦੀ ਵਰਤੋਂ ਦੀ ਨਿਖੇਧੀ ਕਰਦਾ ਹੈ।

# ਬੰਦੂਕਧਾਰੀ ਵੱਲੋਂ ਘਰ ਵਿਚ ਦਾਖਲ ਹੋਕੇ 5 ਲੋਕਾਂ ਦਾ ਕਤਲ

ਟੋਰਾਂਟੋ (ਸੇਖਾ)–ਓਂਟਰੀਓ ਦੇ ਸ਼ਹਿਰ ਵ੍ਹਆਨ ਦੇ ਰੁਦਰਫੋਰਡ ਰੋਡ ਸਥਿਤ ਬਹੁ-ਮੰਜ਼ਿਲਾ ਰਿਹਾਇਸ਼ੀ ਇਮਾਰਤ ਵਿੱਚ ਇੱਕ ਘਰ 'ਚ ਦਾਖਲ ਹੋਏ ਬੰਦੂਕਧਾਰੀ ਨੇ 5 ਲੋਕਾਂ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਇਸ ਹਮਲੇ 'ਚ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਵੀ ਹੋਇਆ ਹੈ। ਪੁਲੀਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਦੌਰਾਨ ਬੰਦੂਕਧਾਰੀ ਦੀ ਵੀ ਮੌਤ ਹੋ ਗਈ। ਯੌਰਕ ਰਿਜਨਲ ਪੁਲੀਸ ਦੀ ਡਿਊਟੀ ਅਫਸਰ ਲੋਰਾ ਨਿਕੋਲ ਨੇ ਦੱਸਿਆ ਕਿ ਆਲੇ ਦੁਆਲੇ ਦੇ ਘਰਾਂ ਦੀ ਪੜਤਾਲ ਤੋਂ ਬਾਅਦ ਗੁਆਂਢੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਖਤਰੇ ਤੋਂ ਮੁਕਤ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅਜੇ ਇਹ ਪਤਾ ਨਹੀਂ ਲੱਗਾ ਕਿ ਬੰਦੂਕਧਾਰੀ ਨੇ ਅਜਿਹਾ ਕਿਉਂ ਕੀਤਾ ਤੇ ਉਹ ਉਥੇ ਕਿਸ ਮਕਸਦ ਲਈ ਆਇਆ ਸੀ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਕਿਸੇ ਗੁਆਂਢੀ ਨੇ ਪੁਲੀਸ ਨੂੰ ਗੋਲੀਬਾਰੀ ਬਾਰੇ ਸੂਚਿਤ ਕੀਤਾ ਤਾਂ ਕੁਝ ਹੀ ਦੇਰ ਵਿੱਚ ਪੁਲੀਸ ਮੌਕੇ 'ਤੇ ਪਹੁੰਚ ਗਈ। ਪੁਲੀਸ ਅਫਸਰਾਂ ਵੱਲੋਂ ਸ਼ੂਟਰ ਨੂੰ ਕਾਬੂ ਕਰਨ ਦੀ ਕੋਸ਼ਿਸ਼ ਦੌਰਾਨ ਉਸ ਦੀ ਮੌਤ ਹੋ ਗਈ, ਜਿਸ ਬਾਰੇ ਸਾਂਝੀ ਜਾਂਚ ਟੀਮ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਨਿਕੋਲ ਨੇ ਕਿਹਾ ਕਿ ਮਾਰੇ ਗਏ ਲੋਕਾਂ ਜਾਂ ਸ਼ੂਟਰ ਦੀ ਪਛਾਣ ਲੋੜੀਂਦੀਆਂ ਜਾਣਕਾਰੀਆਂ ਦੀ ਤਸਦੀਕ ਕਰਨ ਤੋਂ ਬਾਅਦ ਹੀ ਜਾਰੀ ਕੀਤੀ ਜਾ ਸਕੇਗੀ।

## ਕ੍ਰਿਸਮਿਸ ਤੇ ਸਿੱਖ ਇਤਿਹਾਸ

ਪਈਆਂ ਬਰਫ਼ਾਂ ਚ ਪਿੰਡਾ ਜਦ ਠਰਨ ਲੱਗੇ
ਠੰਡੇ ਬੁਰਜਾਂ ਦੀ ਠੰਡ ਨੂੰ ਯਾਦ ਕਰਿਓ
snowman ਜਦ ਬੱਚੇ ਬਣਾਉਣ ਲੱਗੇ
ਉੱਸਰੀ ਲਾਲਾਂ ਤੇ ਕੰਧ ਨੂੰ ਯਾਦ ਕਰਿਓ

ਬੈਠੇ ਜਦੋਂ ਵੀ ਬੀਚ ਦੇ ਕੰਢਿਆਂ ਤੇ
ਉਦੋਂ ਸਰਸਾ ਦੇ ਕੰਢੇ ਵੀ ਯਾਦ ਕਰਿਓ
ਤੁਸੀਂ ਫੁੱਲਾਂ ਦੀ ਜਦੋਂ ਵੀ ਸੇਜ ਮਾਣੀ
ਮਾਛੀਵਾੜੇ ਦੇ ਕੰਡੇ ਵੀ ਯਾਦ ਕਰਿਓ

ਬੱਸ ਅੱਡੇ ਤੇ ਖੜਿਆਂ ਠੰਢ ਲੱਗੀ
ਮਾਤਾ ਗੁਜਰੀ ਦਾ ਦਰਦ ਨੂੰ ਯਾਦ ਕਰਿਓ
ਘਰਾਂ ਕਾਰਾਂ ਤੇ ਚੱਕ ਲੋ loan ਹੱਸ ਕੇ
ਦਸਮ ਪਿਤਾ ਦਾ ਕਰਜ ਨੂੰ ਯਾਦ ਕਰਿਓ

ਜਦੋਂ ਘੇਰਿਆ ਦੁੱਖਾਂ ਨੇ ਆਣ ਥੋਨੂੰ
ਚਮਕੌਰ ਦਾ ਘੇਰੇ ਨੂੰ ਯਾਦ ਕਰਿਓ
ਜਿਹਨੇ ਤੋਰਿਆ ਪੁੱਤਾਂ ਨੂੰ ਜੰਗ ਅੰਦਰ
ਦਸਮ ਪਿਤਾ ਦੇ ਜੇਰੇ ਨੂੰ ਯਾਦ ਕਰਿਓ

ਡਾਲਰ ਪੌਂਡਾਂ ਦਾ ਹੋਇਆ ਘੁਮੰਡ ਥੋਨੂੰ
ਟੋਡਰ ਮੱਲ ਦੀ ਅਮੀਰੀ ਨੂੰ ਯਾਦ ਕਰਿਓ
ਗਰਮ ਦੁੱਧ ਜਦ ਰਾਤ ਨੂੰ ਪੀਣ ਲੱਗੋਂ
ਮੋਤੀ ਮਹਿਰੇ ਦੀ ਫ਼ਕੀਰੀ ਨੂੰ ਯਾਦ ਕਰਿਓ

ਕ੍ਰਿਸਮਿਸ ਲਾਈਟਾਂ ਜਦ ਲਾਉਣ ਲੱਗੇ
ਬੁਝੇ ਪੰਥ ਦੇ ਦੀਪ ਵੀ ਯਾਦ ਕਰਿਓ
ਕਹੋ Merry ਕ੍ਰਿਸਮਿਸ ਸਾਰਿਆਂ ਨੂੰ
ਪਰ ਪੰਥ ਕੀ ਜੀਤ ਵੀ ਯਾਦ ਕਰਿਓ

ਜੀ ਸਦਕੇ ਮਨਾਓ ਕ੍ਰਿਸਮਿਸ ਵੀ
ਪਰ ਜਰੂਰ ਵਿਸਾਖੀ ਨੂੰ ਯਾਦ ਕਰਿਓ
ਜਦੋਂ ਲੰਘੇ ਦਿੱਲੀ ਦੀ ਜੂਹ ਵਿਚੋਂ
ਤੁਸੀਂ ਜਰੂਰ ਚੁਰਾਸੀ ਨੂੰ ਯਾਦ ਕਰਿਓ

ਕਿਵੇਂ ਟੰਗਿਆ ਜੀਸਸ ਨੂੰ ਸੂਲੀਆਂ ਤੇ
ਹੋਇਆ ਕਿਝ ਕੁਰਬਾਨ ਮਹਿਸੂਸ ਕਰਿਓ
ਪਰ ਆਪਣੇ ਸਿੱਖ ਇਤਿਹਾਸ ਉੱਤੇ
ਡਾਣਸੀਵਾਲੀਆ ਮਾਣ ਮਹਿਸੂਸ ਕਰਿਓ

ਕੁਲਵੀਰ ਸਿੰਘ ਡਾਨਸੀਵਾਲ
778-863-2472

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com

# ਸਾਬਕਾ ਮੰਤਰੀ ਲੰਗਾਹ ਨੇ ਅਕਾਲ ਤਖਤ ਵਲੋਂ ਲਗਾਈ ਤਨਖਾਹ ਪੂਰੀ ਕੀਤੀ

ਅੰਮ੍ਰਿਤਸਰ (ਰਾਜਨ ਮਾਨ, ਭੰਗੂ)-ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਸ੍ਰੀ ਅਕਾਲ ਤਖ਼ਤ ਵੱਲੋਂ ਲੱਗੀ



ਤਨਖਾਹ ਨੂੰ ਪੂਰਾ ਕਰ ਲਿਆ ਹੈ। ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਪਰਨਾਰੀ ਨਾਲ ਸਬੰਧਾਂ ਦੇ ਦੋਸ਼ ਹੇਠ ਤਨਖਾਹ ਲਾਈ ਗਈ ਸੀ। ਉਨ੍ਹਾਂ ਅੱਜ ਸ੍ਰੀ ਅਕਾਲ ਤਖ਼ਤ ਵਿਖੇ ਵਾਰਾਂ ਦਾ ਗਾਇਨ ਕਰ ਰਹੇ ਸਾਰੇ ਢਾਡੀ ਜਥਿਆਂ ਨੂੰ ਪ੍ਰਸ਼ਾਦਾ ਛਕਾਇਆ ਅਤੇ ਉਨ੍ਹਾਂ ਨੂੰ ਅਕਾਲ ਤਖ਼ਤ ਵੱਲੋਂ ਕੀਤੇ ਆਦੇਸ਼ ਮੁਤਾਬਕ 5100-5100 ਰੁਪਏ ਭੇਟ ਕੀਤੇ ਹਨ। ਤਨਖ਼ਾਹ ਪੂਰੀ ਕਰ ਕੇ ਉਨ੍ਹਾਂ ਸ੍ਰੀ ਅਕਾਲ ਤਖ਼ਤ ਵਿਖੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਲੰਗਾਹ ਵੱਲੋਂ ਆਪਣੀ ਤਨਖ਼ਾਹ ਪੂਰੀ ਕਰਨ ਦੀ ਜਾਣਕਾਰੀ ਭੇਜੀ ਗਈ ਹੈ। ਦੱਸਣਯੋਗ ਹੈ ਕਿ ਇਸ ਦੋਸ਼ ਕਾਰਨ ਲੰਗਾਹ ਨੂੰ ਨਾ ਸਿਰਫ ਸ਼੍ਰੋਮਣੀ ਅਕਾਲੀ ਦਲ ਤੋਂ ਫਾਰਗ ਕਰ ਦਿੱਤਾ ਗਿਆ ਸੀ ਸਗੋਂ ਕਮੇਟੀ ਦੀ ਮੈਂਬਰਸ਼ਿਪ ਤੋਂ ਵੀ ਹਟਾ ਦਿੱਤਾ ਗਿਆ ਸੀ।

# ਟਰੱਕ ਹਾਦਸੇ ’ਚ ਪੰਜਾਬੀ ਨੌਜਵਾਨ ਦੀ ਮੌਤ

ਟੋਰਾਂਟੋ-ਕੈਨੇਡਾ ਦੇ ਮਿਸੀਸਾਗਾ ਵਿਚ ਟਰੱਕ ਹਾਦਸੇ ’ਚ ਇਕ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ ਹੈ। 30 ਸਾਲਾ ਮਨਪ੍ਰੀਤ ਸਿੰਘ ਪਿਛਲੇ ਮਹੀਨੇ ਹੀ ਪੰਜਾਬ ਤੋਂ ਸਪਾਊਸ ਵੀਜ਼ਾ ਉਤੇ ਆਇਆ ਸੀ। ਮਨਪ੍ਰੀਤ ਦੇ ਦੋਸਤ ਬਲਵਿੰਦਰ ਸਿੰਘ ਨੇ ਇਕ ਮੀਡੀਆ ਅਦਾਰੇ ਨੂੰ ਦੱਸਿਆ ਕਿ ਉਹ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਸੀ ਤੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਵੇਰਵਿਆਂ ਮੁਤਾਬਕ ਟਰਾਂਸਪੋਰਟ ਟਰੱਕ ਨਾਲ ਹੋਈ ਟੱਕਰ ਵਿਚ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ। ਪੀਲ ਰਿਜਨਲ ਪੁਲੀਸ ਨੇ ਦੱਸਿਆ ਕਿ ਇਹ ਘਟਨਾ 13 ਦਸੰਬਰ ਨੂੰ ਕਰਟਨੀਪਾਰਕ ਡਰਾਈਵ ਤੇ ਐਡਵਰਡਜ਼ ਬੁਲੇਵਰਡ ਵਿਚ ਸਵੇਰੇ ਸੱਤ ਵਜੇ ਤੋਂ ਪਹਿਲਾਂ ਵਾਪਰੀ ਸੀ। ਮਨਪ੍ਰੀਤ ਮਿਸੀਸਾਗਾ ਵਿਚ ਹੀ ਇਕ ਫੈਕਟਰੀ ’ਚ ਕੰਮ ਕਰਦਾ ਸੀ ਤੇ ਕੰਮ ’ਤੇ ਜਾਣ ਲਈ ਹੀ ਘਰੋਂ ਨਿਕਲਿਆ ਸੀ। ਬਲਵਿੰਦਰ ਨੇ ਦੱਸਿਆ ਕਿ ਕਰੀਬ 6.50 ’ਤੇ ਉਹ ਬੱਸ ਵਿਚੋਂ ਉਤਰਿਆ ਤੇ ਜਦ ਟਰੱਕ ਨੇ ਟੱਕਰ ਮਾਰੀ ਤਾਂ ਉਹ ਤੁਰ ਕੇ ਜਾ ਰਿਹਾ ਸੀ।





# ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਰਕਾਰ ਵਿਸ਼ੇਸ਼ ਨੀਤੀ ਤਿਆਰ ਕਰੇਗੀ-ਧਾਲੀਵਾਲ

## ਕੈਬਨਿਟ ਮੰਤਰੀ ਨੇ ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣੀਆਂ

ਜਲੰਧਰ (ਜਤਿੰਦਰ)-ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ, “ਪਰਵਾਸੀ ਪੰਜਾਬੀਆਂ ਦੀਆਂ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਮਾਮਲਿਆਂ ਨਾਲ ਜੁੜੀਆਂ ਸਮੱਸਿਆਵਾਂ ਦਾ ਮਿੱਥੇ ਸਮੇਂ ਵਿੱਚ ਨਿਪਟਾਰਾ ਕਰਨ ਲਈ ਸਰਕਾਰ ਵਿਸ਼ੇਸ਼ ਨੀਤੀ ਤਿਆਰ ਕਰ ਰਹੀ ਹੈ। ਐੱਨਆਰਆਈ ਪੰਜਾਬੀਆਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦੇ ਹੱਲ ਲਈ ਹਰ ਸਾਲ ਦਸੰਬਰ ਤੇ ਅਪਰੈਲ ਮਹੀਨੇ ਵਿੱਚ ਦੋ ਵਾਰ ਐੱਨਆਰਆਈ ਮਿਲਣੀਆਂ ਕੀਤੀਆਂ ਜਾਣਗੀਆਂ।” ਉਹਨਾਂ ਇੱਥੇ ਐਮਿਟੀ ਯੂਨੀਵਰਸਿਟੀ ਵਿੱਚ ਕਰਵਾਏ ਗਏ ‘ਐੱਨਆਰਆਈ ਪੰਜਾਬੀਆਂ ਨਾਲ ਮਿਲਣੀ’ ਪ੍ਰੋਗਰਾਮ ਮੌਕੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਸੁਣਨ ਮੌਕੇ ਬੋਲ ਰਹੇ ਸਨ। ਇਸ ਸਮਾਗਮ ਵਿੱਚ ਮੁਹਾਲੀ ਸਮੇਤ ਰੂਪਨਗਰ, ਫਤਹਿਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਨੇ ਸ਼ਿਰਕਤ ਕੀਤੀ ਅਤੇ ਆਪਣੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸ੍ਰੀ ਧਾਲੀਵਾਲ ਨੇ ਕਿਹਾ ਕਿ ਸਰਕਾਰ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਐੱਨਆਰਆਈਜ਼ ਦੇ ਮੁੱਖ ਮਸਲੇ ਉਨ੍ਹਾਂ ਦੀਆਂ ਜ਼ਮੀਨ-ਜਾਇਦਾਦਾਂ, ਕਾਰੋਬਾਰ ਅਤੇ ਪਰਿਵਾਰਕ ਝਗੜੇ ਹਨ। ਮੌਜੂਦਾ ਸਮੇਂ ਕੰਟਰੈਕਟ ਵਿਆਹ ਦਾ ਰੁਝਾਨ ਸਾਹਮਣੇ ਆਇਆ ਹੈ, ਅਜਿਹੇ ਕੇਸਾਂ ਵਿੱਚ ਆਇਲਜ਼ ਪਾਸ ਕੁੜੀ ਨਾਲ ਕੰਟਰੈਕਟ ਵਿਆਹ ਕਰ ਕੇ ਮੁੰਡੇ ਵਾਲੇ ਉਸ ਨੂੰ ਬਾਹਰ ਤਾਂ ਭੇਜ ਦਿੰਦੇ ਹਨ ਪਰ ਬਾਅਦ ਵਿੱਚ ਆਪਸੀ ਝਗੜੇ ਵਧ ਜਾਂਦੇ ਹਨ। ਕੁੜੀ, ਮੁੰਡੇ ਨੂੰ ਬਾਹਰ ਲਿਜਾਣ ਤੋਂ ਮੁਕਰ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀ ਇੱਥੇ ਰਹਿੰਦੇ ਆਪਣੇ ਸਾਕ ਸਬੰਧੀਆਂ ਰਾਹੀਂ ਆਪਣੀਆਂ ਸ਼ਿਕਾਇਤਾਂ ਸਰਕਾਰ ਕੋਲ ਪੇਸ਼ ਕਰ ਸਕਦੇ ਹਨ, ਜਿਨ੍ਹਾਂ ਦਾ ਮਿੱਥੇ ਸਮੇਂ ਵਿੱਚ ਨਿਪਟਾਰਾ ਕੀਤਾ ਜਾਵੇਗਾ। ਸ੍ਰੀ ਧਾਲੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਐੱਨਆਰਆਈਜ਼ ਕੇਸਾਂ ਲਈ ਵਿਸ਼ੇਸ਼ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਛੇਤੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ, ਵਿਧਾਇਕ ਕੁਲਵੰਤ ਸਿੰਘ, ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਚਮਕੌਰ ਸਾਹਿਬ ਦੇ ਵਿਧਾਇਕ ਡਾ. ਚਰਨਜੀਤ ਸਿੰਘ, ‘ਆਪ’ ਆਗੂ ਪ੍ਰਭਜੋਤ ਕੌਰ, ਹਰਸੁਖਇੰਦਰ ਸਿੰਘ ਬੱਬੀ ਬਾਦਲ ਸਣੇ ਐੱਨ ਆਰ ਆਈ ਵਿਭਾਗ ਦੇ ਪ੍ਰਮੁੱਖ ਸਕੱਤਰ ਜੇ ਬਾਲਾਮੁਰੂਗਨ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਗੁਰਸ਼ਰਨ ਕੌਰ ਰੰਧਾਵਾ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਨਿਯੁਕਤ

ਪਟਿਆਲਾ-ਪੰਜਾਬ ਪ੍ਰਦੇਸ਼ ਕਾਂਗਰਸ ਹਾਈਕਮਾਨ ਵੱਲੋਂ ਪਟਿਆਲਾ ਵਾਸੀ ਗੁਰਸ਼ਰਨ ਕੌਰ ਰੰਧਾਵਾ ਨੂੰ ਮਹਿਲਾ ਕਾਂਗਰਸ ਪੰਜਾਬ ਦੀ ਸੂਬਾਈ ਪ੍ਰਧਾਨ ਬਣਾਇਆ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਕਾਂਗਰਸ ਨਾਲ ਚੱਲੇ ਆ ਰਹੇ ਬੀਬੀ ਰੰਧਾਵਾ ਪਿਛਲੀ ਸਰਕਾਰ ਦੌਰਾਨ ਸੋਸ਼ਲ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਪਰਸਨ ਵੀ ਰਹੇ ਹਨ। ਇਸ ਤੋਂ ਪਹਿਲਾਂ ਉਹ ਜ਼ਿਲ੍ਹਾ ਪਰਿਸ਼ਦ ਪਟਿਆਲਾ ਦੇ ਚੇਅਰਪਰਸਨ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਹੁਣ ਉਹ



ਮਹਿਲਾ ਕਾਂਗਰਸ ਦੇ ਹੀ ਜ਼ਿਲ੍ਹਾ ਪ੍ਰਧਾਨ ਚੱਲੇ ਆ ਰਹੇ ਸਨ ਪਰ ਹੁਣ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਮੌਕੇ ਯੂਥ ਕਾਂਗਰਸ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਸੂਬਾਈ ਜਨਰਲ ਸਕੱਤਰ ਜਸਵਿੰਦਰ ਸਿੰਘ ਰੰਧਾਵਾ ਤੇ ਹੋਰ ਪਾਰਟੀ ਵਰਕਰਾਂ ਤੇ ਮਹਿਲਾ ਆਗੂਆਂ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਅਹੁਦਾ ਮਹਿਲਾ ਕਾਂਗਰਸ ਦੀ ਪ੍ਰਧਾਨ ਬਲਬੀਰ ਰਾਣੀ ਵੱਲੋਂ ਅਸਤੀਫਾ ਦੇਣ ਕਾਰਨ ਖਾਲੀ ਪਿਆ ਸੀ।

# ਭਾਰਤ ’ਚ ਵਿਸ਼ਵ ਹਾਕੀ ਕੱਪ 13 ਤੋਂ 29 ਜਨਵਰੀ ਤੱਕ

## ਭਾਰਤੀ ਟੀਮ ਕੱਪ ਜਿੱਤਣ ਦੇ ਸਮਰੱਥ-ਟਿਰਕੀ

ਨਵੀਂ ਦਿੱਲੀ (ਦਿਓਲ)-ਆਪਣੇ ਜ਼ਮਾਨੇ ਦੇ ਦਿੱਗਜ਼ ਖਿਡਾਰੀ ਦਿਲੀਪ ਟਿਰਕੀ ਦਾ ਮੰਨਣਾ ਹੈ ਕਿ ਮੌਜੂਦਾ ਭਾਰਤੀ ਹਾਕੀ ਟੀਮ ਕੋਲ ਬਹੁਤ ਸਾਰੇ ਗੁਣਵਾਨ ਖਿਡਾਰੀ ਹਨ, ਜੋ ਦੇਸ਼ ਨੂੰ 47 ਸਾਲ ਬਾਅਦ ਵਿਸ਼ਵ ਕੱਪ ਜਿਤਾਉਣ ਦੇ ਸਮਰੱਥ ਹਨ। ਭਾਰਤ ਨੇ ਇੱਕੋ-ਇੱਕ ਵਿਸ਼ਵ ਕੱਪ 1975 ਵਿੱਚ ਕੁਆਲਾਲੰਪੁਰ ਵਿੱਚ ਜਿੱਤਿਆ ਸੀ। ਮੇਜ਼ਬਾਨ ਹੋਣ ਦੇ ਨਾਤੇ ਭਾਰਤ ਕੋਲ ਭੁਵਨੇਸ਼ਵਰ ਅਤੇ ਰੂੜਕੇਲਾ ਵਿੱਚ 13 ਤੋਂ 29 ਜਨਵਰੀ ਤੱਕ ਹੋਣ ਵਾਲੇ ਵਿਸ਼ਵ ਕੱਪ ਵਿੱਚ ਪੋਡੀਅਮ ’ਤੇ ਪਹੁੰਚਣ ਦਾ ਸੁਨਹਿਰੀ ਮੌਕਾ ਹੋਵੇਗਾ। ਟਿਰਕੀ ਨੇ ਕਿਹਾ ਕਿ ਮੌਜੂਦਾ ਭਾਰਤੀ ਪੁਰਸ਼ ਟੀਮ ਆਤਮ-ਵਿਸ਼ਵਾਸ ਨਾਲ ਭਰੀ ਹੋਈ ਹੈ ਅਤੇ ਹਾਲ ਹੀ ਵਿੱਚ ਉਨ੍ਹਾਂ ਜਿਸ ਤਰ੍ਹਾਂ ਪ੍ਰਦਰਸ਼ਨ ਕੀਤਾ ਹੈ, ਉਸ ਤੋਂ ਪ੍ਰਸ਼ੰਸਕ ਕਾਫ਼ੀ ਖ਼ੁਸ਼ ਹਨ। ਮੈਨੂੰ ਪੂਰਾ ਭਰੋਸਾ ਹੈ ਕਿ ਉਹ ਵਿਸ਼ਵ ਕੱਪ ਵਿੱਚ ਚੰਗਾ ਪ੍ਰਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਉਹ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰਨ ਅਤੇ ਪੂਰੇ ਭਰੋਸੇ ਨਾਲ ਖੇਡਣ। ਸਾਡੀ ਟੀਮ ਵਿੱਚ ਕਈ ਚੰਗੇ ਖਿਡਾਰੀ ਹਨ। ਸਾਲ 2004 ਵਿੱਚ ਪਦਮਸ਼੍ਰੀ ਹਾਸਲ ਕਰਨ ਵਾਲੇ ਟਿਰਕੀ ਨੇ ਕਿਹਾ, “ਮੈਂ ਆਪਣਾ ਪਹਿਲਾ ਵਿਸ਼ਵ ਕੱਪ 1998 ਵਿੱਚ ਖੇਡਿਆ ਸੀ। ਇਹ ਮੇਰੇ ਲਈ ਬੇਹੱਦ ਸਨਮਾਨ ਦੀ ਗੱਲ ਹੈ ਕਿ ਮੈਂ ਵਿਸ਼ਵ ਕੱਪ ਟੀਮ ਦਾ ਹਿੱਸਾ ਸੀ। ਭਾਰਤੀ ਟੀਮ ਦੀ ਕਪਤਾਨੀ ਕਰਨਾ ਵੀ ਸ਼ਾਨਦਾਰ ਤਜਰਬਾ ਰਿਹਾ।

# ਪੰਜਾਬੀ ਕਹਾਣੀਕਾਰ ਸੁਖਜੀਤ ਨੂੰ ਸਾਹਿਤ ਅਕਾਦਮੀ ਪੁਰਸਕਾਰ-ਭੁਪਿੰਦਰ ਪ੍ਰੀਤ ਨੂੰ ਅਨੁਵਾਦ ਐਵਾਰਡ

ਨਵੀਂ ਦਿੱਲੀ (ਦਿਓਲ)-ਸਾਹਿਤ ਅਕਾਦਮੀ ਨੇ ਸਾਲ 2022 ਲਈ ਵੱਕਾਰੀ ‘ਸਾਹਿਤ ਅਕਾਦਮੀ’ ਅਤੇ ‘ਸਾਹਿਤ ਅਕਾਦਮੀ ਅਨੁਵਾਦ’ ਐਵਾਰਡਾਂ ਦਾ ਐਲਾਨ ਕੀਤਾ। ਪੰਜਾਬੀ ਵਿੱਚ ਭੁਪਿੰਦਰ ਕੌਰ ਪ੍ਰੀਤ ਨੂੰ ‘ਨਗਾਰੇ ਵਾਂਙ ਵੱਜਦੇ ਸ਼ਬਦ’ ਲਈ ਸਾਹਿਤ ਅਕਾਦਮੀ ਅਨੁਵਾਦ ਐਵਾਰਡ ਜਦਕਿ ਸੁਖਜੀਤ ਨੂੰ ਕਹਾਣੀ ਸੰਗ੍ਰਹਿ ‘ਮੈਂ ਅਯਨਘੋਸ਼ ਨਹੀਂ’ ਲਈ ਐਵਾਰਡ ਨਾਲ ਸਨਮਾਨਿਆ ਜਾਵੇਗਾ। ਅਕਾਦਮੀ ਦੇ ਸਕੱਤਰ ਕੇ. ਸ੍ਰੀਨਿਵਾਸ ਰਾਓ ਅਨੁਸਾਰ ਹਿੰਦੀ ਲਈ ਬਦਰੀ ਨਰਾਇਣ, ਅੰਗਰੇਜ਼ੀ ਲਈ ਅਨੁਰਾਧਾ ਰਾਏ ਅਤੇ ਉਰਦੂ ਲਈ ਅਨੀਸ ਅਸ਼ਫਾਕ ਸਣੇ 23 ਭਾਰਤੀ ਭਾਸ਼ਾਵਾਂ ਦੇ ਲੇਖਕਾਂ ਨੂੰ ਸਾਲ 2022 ਦੇ ਵੱਕਾਰੀ ‘ਸਾਹਿਤ ਅਕਾਦਮੀ ਐਵਾਰਡ’ ਨਾਲ ਸਨਮਾਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਨੁਵਾਦ ਐਵਾਰਡ ਸ਼੍ਰੇਣੀ ਵਿੱਚ ਹਿੰਦੀ ’ਚ ਤਕਨੀਕੀ ਕਾਰਨਾਂ ਕਰਕੇ ਐਵਾਰਡ ਦਾ ਐਲਾਨ ਨਹੀਂ ਕੀਤਾ ਗਿਆ ਹੈ। ਰਾਓ ਨੇ ਦੱਸਿਆ ਕਿ ਅੰਗਰੇਜ਼ੀ ਵਿੱਚ ਐੱਨ ਕਲਿਆਣ ਰਮਨ ਅਤੇ ਉਰਦੂ ਵਿੱਚ ਰੇਣੂ ਬਹਿਲ ਨੂੰ ‘ਸਾਹਿਤ ਅਕਾਦਮੀ ਅਨੁਵਾਦ’ ਐਵਾਰਡ ਨਾਲ ਸਨਮਾਨਿਆ ਜਾਵੇਗਾ। ਰਾਓ ਨੇ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਨਰਾਇਣ ਨੂੰ ਹਿੰਦੀ ਵਿੱਚ ਉਨ੍ਹਾਂ ਦੇ ਕਾਵਿ-ਸੰਗ੍ਰਹਿ ‘ਤੁਮੜੀ ਕੇ ਸ਼ਬਦ’ ਲਈ ਵੱਕਾਰੀ ਸਾਹਿਤ ਅਕਾਦਮੀ ਐਵਾਰਡ ਦਿੱਤਾ ਜਾਵੇਗਾ, ਜਦਕਿ ਅਨੁਰਾਧਾ ਰਾਏ ਨੂੰ ਅੰਗਰੇਜ਼ੀ ਵਿੱਚ ਨਾਵਲ ‘ਆਲ ਦਿ ਲਾਈਵਜ਼ ਵੀ ਨੈਵਰ ਲਿਵਡ’ ਲਈ ਅਤੇ ਉਰਦੂ ਵਿੱਚ ਅਸ਼ਫਾਕ ਨੂੰ ਉਨ੍ਹਾਂ ਦੇ ਨਾਵਲ ‘ਖੁਆਬ ਸਰਾਬ’ ਲਈ ਸਾਹਿਤ ਅਕਾਦਮੀ ਐਵਾਰਡ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸੰਸਕ੍ਰਿਤ ਵਿੱਚ ਜਨਾਰਦਨ ਪ੍ਰਸਾਦ ਪਾਂਡੇ ਮਣੀ, ਮੈਥਿਲੀ ਵਿੱਚ ਅਜਿਤ ਪ੍ਰਸਾਦ, ਮਰਾਠੀ ਵਿੱਚ ਦਸ਼ਰਥ ਬਾਂਦਕਰ ਨੂੰ ਸਾਹਿਤ ਅਕਾਦਮੀ ਐਵਾਰਡ ਦਿੱਤਾ ਜਾਵੇਗਾ। ਰਾਓ ਅਨੁਸਾਰ ਕਸ਼ਮੀਰੀ ਵਿੱਚ ਫਾਰੁਖ਼ ਫਿਆਜ਼, ਗੁਜਰਾਤੀ ਵਿੱਚ ਗੁਲਾਮ ਮੁਹੰਮਦ ਸ਼ੇਖ ਅਤੇ ਨੇਪਾਲੀ ਵਿੱਚ ਕੇਬੀ ਨੇਪਾਲੀ ਨੂੰ ਐਵਾਰਡ ਨਾਲ ਸਨਮਾਨਿਆ ਜਾਵੇਗਾ। ਉਨ੍ਹਾਂ ਦੱਸਿਆ ਕਿ 23 ਭਾਸ਼ਾਵਾਂ ਲਈ ਐਲਾਨੇ ਇਨ੍ਹਾਂ ਐਵਾਰਡਾਂ ਵਿੱਚ ਸੱਤ ਕਵਿਤਾ ਸੰਗ੍ਰਹਿ, ਛੇ ਨਾਵਲ, ਦੋ ਕਹਾਣੀ ਸੰਗ੍ਰਹਿ, ਦੋ ਸਾਹਿਤਕ ਆਲੋਚਨਾ, ਤਿੰਨ ਨਾਟਕ ਅਤੇ ਇੱਕ ਸਵੈ-ਜੀਵਨੀ ਸਮੇਤ ਹੋਰ ਵੰਨਗੀਆਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਬੰਗਲਾ ਭਾਸ਼ਾ ਵਿੱਚ ਐਵਾਰਡ ਦਾ ਐਲਾਨ ਤਕਨੀਕੀ ਕਾਰਨਾਂ ਕਰਕੇ ਕੁੱਝ ਦਿਨਾਂ ਮਗਰੋਂ ਕੀਤਾ ਜਾਵੇਗਾ।

TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197

9353 120st Delta BC (By Appointment)
www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .



# ਇਮਰਾਨ ਖ਼ਾਨ ਦੀ ਸਾਬਕਾ ਪਤਨੀ ਰੇਹਮ ਖ਼ਾਨ ਨੇ ਆਪਣੇ ਤੋਂ 13 ਸਾਲ ਛੋਟੇ ਅਦਾਕਾਰ ਨਾਲ ਤੀਜਾ ਵਿਆਹ ਕਰਵਾਇਆ

ਇਸਲਾਮਾਬਾਦ-ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ 49 ਸਾਲਾ ਸਾਬਕਾ ਪਤਨੀ ਰੇਹਮ ਖਾਨ ਨੇ ਅੱਜ ਐਲਾਨ ਕੀਤਾ ਕਿ ਉਸ ਨੇ ਅਮਰੀਕਾ ਵਿੱਚ 36 ਸਾਲ ਦੇ ਮਾਡਲ ਅਤੇ ਅਭਿਨੇਤਾ ਮਿਰਜ਼ਾ ਬਿਲਾਲ ਬੇਗ਼ ਨਾਲ ਵਿਆਹ ਕਰ ਲਿਆ ਹੈ। ਇਸ ਉਸ ਦਾ ਤੀਜਾ ਵਿਆਹ ਹੈ। ਉਸ ਨੇ ਸੋਸ਼ਲ ਮੀਡੀਆ 'ਤੇ ਵਿਆਹ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਅਮਰੀਕਾ ਸਥਿਤ ਕਾਰਪੋਰੇਟ ਪ੍ਰੋਫੈਸ਼ਨਲ ਅਤੇ ਸਾਬਕਾ ਮਾਡਲ ਮਿਰਜ਼ਾ ਬਿਲਾਲ ਬੇਗ਼ ਦਾ ਵੀ ਇਹ ਤੀਜਾ ਵਿਆਹ ਹੈ।






# ਅਰਜੁਨ ਕਪੂਰ ਤੇ ਤੱਬੂ ਦੀ ਫ਼ਿਲਮ 'ਕੁੱਤੇ' ਦਾ ਟਰੇਲਰ ਰਿਲੀਜ਼

ਮੁੰਬਈ-ਫਿਲਮ 'ਕੁੱਤੇ' ਦਾ ਟਰੇਲਰ ਇਥੇ ਇਕ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਇਸ ਮੌਕੇ ਨਸੀਰੁਦੀਨ ਸ਼ਾਹ, ਅਰਜੁਨ ਕਪੂਰ, ਤੱਬੂ, ਕੋਂਕਣਾ ਸੇਨ ਸ਼ਰਮਾ, ਕੁਮੁਦ ਮਿਸ਼ਰਾ, ਰਾਧਿਕਾ ਮਦਾਨ ਅਤੇ ਸ਼ਰਦੁਲ ਭਾਰਦਵਾਜ ਮੌਜੂਦ ਸਨ। ਇਸ ਫਿਲਮ ਦੇ ਟਰੇਲਰ ਵਿਚ ਹਾਸੇ-ਮਜ਼ਾਕ, ਰੋਮਾਂਚ ਅਤੇ ਡਾਰਕ ਕਾਮੇਡੀ ਦੀ ਝਲਕ ਦੇਖਣ ਨੂੰ ਮਿਲਦੀ ਹੈ। ਤਿੰਨ ਮਿੰਟ ਦਾ ਟਰੇਲਰ ਫਿਲਮ ਬਾਰੇ ਬਹੁਤਾ ਕੁਝ ਨਹੀਂ ਦੱਸਦਾ ਪਰ ਇਹ ਦਰਸ਼ਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਾ ਜਾਪਦਾ ਹੈ। ਫਿਲਮ ਵਿੱਚ ਅਰਜੁਨ ਅਤੇ ਤੱਬੂ ਪੁਲੀਸ ਅਧਿਕਾਰੀ ਦਾ ਕਿਰਦਾਰ ਨਿਭਾ ਰਹੇ ਹਨ। ਇਸ ਫਿਲਮ ਦਾ ਟਰੇਲਰ 2009 ਵਿੱਚ ਸ਼ਾਹਿਦ ਕਪੂਰ ਦੀ ਫਿਲਮ 'ਕਮੀਨੇ' ਦੇ ਗੀਤ 'ਧਨ ਤ ਨਾਨ' ਦੀ ਯਾਦ ਦਿਵਾਉਂਦਾ ਹੈ।ਇਹ ਫਿਲਮ ਅਗਲੇ ਸਾਲ 13 ਜਨਵਰੀ ਨੂੰ ਰਿਲੀਜ਼ ਹੋਵੇਗੀ। ਫਿਲਮ ਦੀ ਅਦਾਕਾਰਾ ਤੱਬੂ ਨੇ ਆਖਿਆ ਕਿ ਉਹ ਫ਼ਿਲਮ 'ਚ ਜੋ ਕਿਰਦਾਰ ਨਿਭਾ ਰਹੀ ਹੈ ਪਹਿਲਾਂ ਉਹ ਮਰਦ ਕਿਰਦਾਰ ਲਈ ਬਣਿਆ ਸੀ ਪਰ ਨਿਰਦੇਸ਼ਕ ਨੇ ਇਸ ਕਿਰਦਾਰ ਲਈ ਉਸ (ਤੱਬੂ) ਨੂੰ ਚੁਣ ਲਿਆ। ਅਰਜੁਨ ਕਪੂਰ ਨੇ ਕਿਹਾ ਕਿ ਇਸ ਫਿਲਮ ਦੇ ਗੀਤਾਂ ਦੇ ਬੋਲ ਉਘੇ ਗੀਤਕਾਰ ਗੁਲਜ਼ਾਰ ਨੇ ਲਿਖੇ ਹਨ। ਉਸ ਦੀ ਦਿਲੀ ਇੱਛਾ ਸੀ ਕਿ ਉਹ ਗੁਲਜ਼ਾਰ ਸਾਹਿਬ ਨਾਲ ਕੰਮ ਕਰੇ ਤੇ ਗੁਲਜ਼ਾਰ ਸਾਹਿਬ ਨਾਲ ਉਸ ਦੀ ਫਿਲਮ ਦਾ ਨਾਂ ਜੁੜਨ ਨਾਲ ਉਸ ਦਾ ਵਰ੍ਹਿਆਂ ਪੁਰਾਣਾ ਸੁਫ਼ਨਾ ਪੂਰਾ ਹੋ ਗਿਆ ਹੈ।



# ਤਾਪਸੀ ਨੂੰ 'ਸਰਬੋਤਮ ਅਦਾਕਾਰਾ' ਫਿਲਮਫੇਅਰ ਓਟੀਟੀ ਐਵਾਰਡ

ਮੁੰਬਈ-ਅਦਾਕਾਰਾ ਤਾਪਸੀ ਪੰਨੂ ਨੂੰ ਹਾਲ ਹੀ ਵਿੱਚ ਫਿਲਮਫੇਅਰ ਓਟੀਟੀ ਐਵਾਰਡ ਸਮਾਗਮ ਦੌਰਾਨ 'ਸਰਬੋਤਮ ਅਦਾਕਾਰਾਂ' ਦੇ ਪੁਰਸਕਾਰ ਨਾਲ ਨਿਵਾਜਿਆ ਗਿਆ। ਇਹ ਪੁਰਸਕਾਰ ਅਦਾਕਾਰਾ ਨੂੰ ਉਸ ਦੀ ਵੈੱਬ ਸੀਰੀਜ਼ 'ਲੂਪ ਲਪੇਟਾ' ਲਈ ਮਿਲਿਆ ਹੈ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਇਹ ਜਾਣਕਾਰੀ ਸਾਂਝੀ ਕਰਦਿਆਂ ਪੁਰਸਕਾਰ ਨਾਲ ਆਪਣੀ ਇੱਕ ਤਸਵੀਰ ਸਾਂਝੀ ਕੀਤੀ ਹੈ। ਇਸ ਤਸਵੀਰ ਨਾਲ ਤਾਪਸੀ ਨੇ ਲਿਖਿਆ ਹੈ, 'ਇਹ ਸਮਾਗਮ ਪਿਛਲੀ ਰਾਤ ਹੋਇਆ ਸੀ...'ਲੂਪ ਲਪੇਟਾ' ਉਹ ਫਿਲਮ ਸੀ, ਜਿਸ ਬਾਰੇ ਕੋਈ ਨਹੀਂ ਸਮਝ ਸਕਿਆ ਕਿ ਆਖਰ ਮੈਂ ਉਹ ਕਿਉਂ ਕੀਤੀ ਪਰ ਜਦੋਂ ਮੈਂ ਇਸ ਫਿਲਮ ਦੀ ਕਹਾਣੀ ਸੁਣੀ ਤਾਂ ਮੈਂ ਫਿਲਮ ਲਈ ਨਾਂਹ ਨਹੀਂ ਕਰ ਸਕੀ।' ਅਦਾਕਾਰਾ ਨੇ ਆਪਣੇ ਇਸ ਐਵਾਰਡ ਲਈ ਫਿਲਮ ਦੇ ਨਿਰਮਾਤਾ, ਲੇਖਕ ਤੇ ਨਿਰਦੇਸ਼ਕ ਆਕਾਸ਼ ਭਾਟੀਆ ਦਾ ਧੰਨਵਾਦ ਕੀਤਾ। ਤਾਪਸੀ ਦਾ ਮੰਨਣਾ ਹੈ ਕਿ ਇਸ ਫਿਲਮ ਦੇ ਅਮਲੇ ਦੀ ਮਿਹਨਤ ਕਰਕੇ ਹੀ ਉਹ ਸਾਵੀ ਦਾ ਕਿਰਦਾਰ ਸ਼ਿੱਦਤ ਨਾਲ ਨਿਭਾਅ ਸਕੀ ਹੈ। ਤਾਪਸੀ ਦੀ ਇਸ ਪੋਸਟ 'ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਅਦਾਕਾਰਾ ਦੀਆ ਮਿਰਜ਼ਾ ਨੇ ਵੀ ਮੁਬਾਰਕਬਾਕ ਦਿੱਤੀ।









TRANSource FREIGHTWAYS
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
BC - ALBERTA
$1.10 PER MILES
TRANSource FREIGHTWAYS
Fuel and Insurance Paid by Company
NO DEDUCTIONS!!
ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com

fruiticana SINCE 1994

fruiticana hee jaana!

# MERRY CHRISTMAS

## LOWEST PRICES IN TOWN

We are open on Dec 25th 2022 9am to 5pm

**EXTRA EXTRA SUPER SPECIAL**

Yellow Onions 50 lbs
ਪੀਲੇ ਗੰਢੇ
Unbeatable Price
ਅੰਨਬੀਟਬਲ ਪ੍ਰਾਇਸ
YELLOW ONION
$13.98 bag

**EXTRA SUPER SUPER SPECIAL**

Roma Tomatoes
ਰੋਮਾ ਟਮਾਟਰ
99¢ lb

**EXTRA SUPER SUPER SPECIAL**

Fresh Garlic
ਤਾਜ਼ਾ ਲਸਣ
98¢ lb

**SUPER SPECIAL**

Desi Karela
ਦੇਸੀ ਕਰੇਲਾ
$1.69 lb

Green Elaichi (Cardamom)
ਹਰੀ ਇਲਾਇਚੀ
$15.97 lb

Almonds #1
ਬਦਾਮ
$3.98 lb

**SUPER SPECIAL**

Cilantro
ਧਨੀਆ
2 bunches for 99¢

**SUPER SPECIAL**

Daikon (Moli)
ਮੂਲੀ
99¢ lb

Large Seedless Oranges
ਵੱਡੇ ਸੰਗਤਰੇ
( ਬਿਨਾ ਬੀਜ ਤੋਂ )
99¢ lb

Red Lentil Split (Masoor Dal)
ਧੋਤੀ ਮਸਰਾਂ ਦੀ ਦਾਲ
99¢ lb

**SUPER SPECIAL**

Indian Eggplants
ਦੇਸੀ ਬਤਾਊਂ
$1.29 lb

**SUPER SPECIAL**

Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ,
ਮਸਰਾਂ ਦੀ ਸਾਬਤ ਦਾਲ ( ਇੰਡੀਕੈਨ )
$3.88 bag

Spinach
ਪਾਲਕ
$1.49 bunch

Indican Assam Tea 216's
ਇੰਡੀਕੈਨ ਅਸਾਮ ਚਾਹ
$7.99 box

**SUPER SPECIAL**

Regular Large Eggplant
ਵੱਡੇ ਬਤਾਊਂ
99¢ ea.

Red Onions 25 lbs
ਲਾਲ ਗੰਢੇ
RED ONIONS
$12.98 bag

Fresh Ginger
ਤਾਜ਼ਾ ਅਦਰਕ
$1.29 lb

Brussel Sprout
ਬ੍ਰਸਲਸ ਸਪ੍ਰਾਊਟਸ
$1.98 lb

Opo Squash
ਓਪੋ ਕੱਦੂ
98¢ lb

Zucchini Squash
ਜ਼ੁਕੀਨੀ ਸਕੁਐਸ਼
88¢ lb

Russet Potatoes Snoboy 10lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$4.98 bag

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

**Thur Dec 22, 2022 - Wed Dec 28, 2022**

We reserve the right to limit the quantities while they last

**Specials valid for Lower Mainland only**

Product images may differ from the actual product.

**22 LOCATIONS TO SERVE YOU**

Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS 9AM - 8PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |